# ਸੰਤ ਗੁਰਦੇਵ ਸਿੰਘ ਜੀ ਮਾਂਗਟ



ਲੇਖਕ

**ਸੰਤ ਸਿੰਘ**

# ਸੰਤ ਗੁਰਦੇਵ ਸਿੰਘ ਜੀ ਮਾਂਗਟ

# ਸੰਤ ਗੁਰਦੇਵ ਸਿੰਘ ਜੀ ਮਾਂਗਟ

ਸੰਤ ਸਿੰਘ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-੬

# Sant Gurdev Singh Mangat

By
Sant Singh
F213 A-1, Mansarover Garden,
New Delhi - 110015

© 2008

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-੬ ☎: 011-23280657
(ਨੇੜੇ ਗੌਰੀ ਸ਼ੰਕਰ ਮੰਦਰ)
ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਚਾਂਦਨੀ ਚੌਕ, ਦਿੱਲੀ-੬
ਸੈਟਿੰਗ : ਐਸ ਆਰ ਐਸ ਕੰਪਿਊਟਰਜ਼, ਮਾਨਸਰੋਵਰ ਗਾਰਡਨ,
ਦਿੱਲੀ-੧੫ ☎ : 011-25414451, 25422956

ਮੁੱਲ : 100 ਰੁੱਪਏ

# ਸਮਰਪਤ


ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਅਤੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੇ ਪਵਿੱਤਰ ਚਰਨ ਕੰਵਲਾ ਵਿੱਚ
ਕੋਟਾਨ ਕੋਟ ਸਨਿਮਰ ਨਮਸਕਾਰ
ਜਿਹਨਾਂ ਦੀ ਅਪਾਰ ਬਖਸ਼ਿਸ਼ ਸਦਕਾ
ਇਹ ਜੀਵਨ ਯਾਤਰਾ
ਇਸ ਪੜਾਅ ਤਕ ਪਹੁੰਚੀ ਹੈ।
ਸਤਿਗੁਰੂ ਜੀ ਕਿਰਪਾ ਕਰਨ,
ਕਿ ਉਹਨਾਂ ਦੀ ਇਹ ਬਖਸ਼ਿਸ਼
ਸਦੀਵ ਕਾਲ ਬਣੀ ਰਹੇ।

*- ਗੁਰਦੇਵ ਸਿੰਘ ਮਾਂਗਟ*

# ਧੰਨਵਾਦ

ਮੈਂ ਦਿਲੋਂ ਧੰਨਵਾਦੀ ਹਾਂ ਆਪਣੀ ਲੜਕੀ ਗੁਰਤੇਜ ਕੌਰ ਅਤੇ ਉਸਦੇ ਪਤੀ ਸੰਤ ਰਣਜੀਤ ਸਿੰਘ ਬਾਜਵਾ ਦਾ, ਜਿਹਨਾਂ ਨੇ ਮੇਰੀ ਇਸ ਉਮਰ ਦੇ ਆਖਰੀ ਪੜਾਅ ਵਿੱਚ, ਸੁਪਤਨੀ ਗੁਰਦਿਆਲ ਕੌਰ ਦੇ ਸਵਰਗਵਾਸ ਹੋਣ ਉਪਰੰਤ, ਹਰ ਪ੍ਰਕਾਰ ਦੀ ਸੇਵਾ ਅਤੇ ਦੇਖ ਭਾਲ ਕੀਤੀ ਅਤੇ ਮੈਨੂੰ ਕਿਸੇ ਚੀਜ਼ ਦੀ ਘਾਟ ਮਹਸੂਸ ਨਹੀ ਹੋਣ ਦਿੱਤੀ। ਸਤਿਗੁਰੂ ਜੀ ਇਹਨਾਂ ਤੇ ਆਪਣਾ ਮੇਹਰ ਭਰਿਆ ਹੱਥ ਹਮੇਸ਼ਾਂ ਹੀ ਰਖਣ।

*ਗੁਰਦੇਵ ਸਿੰਘ ਮਾਂਗਟ*



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਟੋਕਿਓ ਜਪਾਨ ਵਿਖੇ ੧੯ ਅਕਤੂਬਰ ਸੰਨ ੧੯੬੧ ਮੁਤਾਬਕ ੩ ਕੱਤਕ ੨੦੧੮ ਬੈਠੇ - ਸੰਤ ਗੁਲਜ਼ਾਰ ਸਿੰਘ ਅਤੇ ਪੰਡਤ ਗੋਪਾਲ ਸਿੰਘ ਜੀ
ਕੁਰਸੀ ਤੇ - ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਖੜੇ - ਸੰਤ ਖਜ਼ਾਨ ਸਿੰਘ ਜੀ, ਸੰਤ ਸੁਦਰਸਨ ਸਿੰਘ ਸਪੁੱਤਰ ਸੇਠ ਗੁਰਬਖਸ਼ ਸਿੰਘ ਜੀ, ਸੰਤ ਗੁਰਦੇਵ ਸਿੰਘ ਜੀ ਅਤੇ ਸੰਤ ਦਰਸ਼ਨ ਸਿੰਘ ਜੀ ਰਾਗੀ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ,
ਅਤੇ ਹੋਰ ਸਾਧ ਸੰਗਤ, ਚੌਰ ਕਰਦੇ ਸੂਬਾ ਰੀਡਾ ਸਿੰਘ ਜੀ ਦਿੱਲੀ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ
ਬੈਂਕੋਕ, ਥਾਈਲੈਂਡ।



ਸੰਤ ਗੁਰਦੇਵ ਸਿੰਘ ਜੀ ਦੇ ਘਰ ਵੈਨਕੂਵਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ। ਪਿੱਛੇ ਖੜੇ ਹਨ ਸੰਤ ਗੁਰਦੇਵ ਸਿੰਘ ਜੀ ਅਤੇ ਸੰਤ ਗੁਲਜ਼ਾਰ ਸਿੰਘ ਜੀ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ - ਹੇਠਾਂ ਨਾਲ ਬੈਠੇ ਹਨ ਸੰਤ ਗੁਰਦੇਵ ਸਿੰਘ ਜੀ ਅਤੇ ਸੰਤ ਗੁਲਜ਼ਾਰ ਸਿੰਘ ਜੀ।

# ਤਤਕਰਾ


| | | |
|---|---|---|
| 1 | ਦੋ ਸ਼ਬਦ | 9 |
| 2 | ਇੱਕ ਵਚਿੱਤਰ ਪੁਸਤਕ | 17 |
| 3 | ਮੁੱਢਲਾ ਸਮਾਂ | 27 |
| 4 | ਸੰਨ ੧੯੪੭ ਤੋਂ ੧੯੫੯ ਦਾ ਸਮਾਂ | 48 |
| 5 | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿੱਚ ੧੯੫੯ ਤੋਂ ੧੯੬੭ | 59 |
| 6 | ਗ੍ਰਹਿਸਤ ਜੀਵਨ | 69 |
| 7 | ਇੱਕ ਭਾਗਾਂ ਭਰਿਆ ਮਨੁੱਖ | 75 |
| 8 | ਇੱਕ ਗੁਣਵਾਨ ਸਤਿਗੁਰੂ ਜੀ ਤੋਂ ਵਰੋਸਾਇਆ ਪ੍ਰੇਮੀ | 80 |
| 9 | ਸਤਿਗੁਰੂ ਜੀ ਦਾ ਅਨਿਨ ਸੇਵਕ | 84 |
| 10 | ਅੰਤਿਕਾ | 87 |
| 11 | Foreign Travels of Gurdev Singh Mangat | 89 |

# ਦੋ ਸ਼ਬਦ

ਪੁਰਾਤਨ ਇਤਿਹਾਸ ਸਾਖਸ਼ੀ ਹੈ ਕਿ ਜਦੋਂ ਵੀ ਕੋਈ ਮਹਾਨ ਹਸਤੀ ਇਸ ਧਰਤੀ ਤੇ ਅਵਤਰਿਤ ਹੁੰਦੀ ਹੈ, ਉਸ ਦਾ ਪ੍ਰੋਗਰਾਮ ਜੋ ਕੁਝ ਉਸ ਨੇ ਦੁਨੀਆਂ ਵਿੱਚ ਕਰਨਾ ਹੁੰਦਾ ਹੈ, ਵੀ ਪਹਿਲਾਂ ਹੀ ਨਿਸਚਿਤ ਹੋਇਆ ਹੁੰਦਾ ਹੈ। ਆਪਣੇ ਇਸ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਉਹ ਆਪਣੇ ਨਾਲ ਇਹੋ ਜਿਹੀਆਂ ਹਸਤੀਆਂ ਵੀ ਲੈ ਆਉਂਦੇ ਹਨ ਜਿਸ ਕਾਰਨ ਉਹਨਾਂ ਦਾ ਮਿਥਿਆ ਹੋਇਆ ਪ੍ਰੋਗਰਾਮ ਸਫਲਤਾ ਪੂਰਵਕ ਸੰਪੰਨ ਹੋ ਸਕੇ। ਕਿਸੇ ਸਮੇਂ ਉਸ ਨੂੰ ਭਗਤਾਂ ਦੀ, ਕਦੇ ਯੋਧਿਆਂ ਦੀ, ਕਦੇ ਸ਼ਹੀਦਾਂ ਦੀ ਲੋੜ ਹੁੰਦੀ ਹੈ ਸੋ ਉਸੇ ਕਿਸਮ ਦੀ ਫੌਜ ਉਸ ਮਹਾਂਪੁਰਖ ਲਈ ਹਾਜ਼ਰ ਮਿਲਦੀ ਹੈ। ਦਸਮ ਗ੍ਰੰਥ ਵਿੱਚ ਇਸ ਗੱਲ ਦੀ ਪ੍ਰੋੜਤਾ ਕ੍ਰਿਸ਼ਨਾ ਅਵਤਾਰ ਵਿੱਚ ਕੀਤੀ ਹੈ ਕਿ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਵਤਾਰ ਲੈਣ ਤੋਂ ਪਹਿਲਾਂ ਦੇਵਤਿਆਂ ਨੂੰ ਸੱਦ ਕੇ ਹੁਕਮ ਕੀਤਾ ਕਿ ਉਹ ਪਹਿਲਾਂ ਹੀ ਮਥਰਾ ਵਿੱਚ ਜਨਮ ਲੈ ਲੈਣ।

ਹਰ ਮਹਾਂਪੁਰਖ ਦਾ ਪ੍ਰੋਗਰਾਮ ਇਸੇ ਕਰਕੇ ਆਪਣੇ ਆਪ ਵਿੱਚ ਹਰ ਪ੍ਰਕਾਰ ਪੂਰਾ ਹੁੰਦਾ ਹੈ। ਇਸੇ ਲੜੀ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾ ਐਸਾ ਸੀ ਜਦੋਂ ਅਜ਼ਾਦੀ ਦੀ ਲੜਾਈ ਆਪਣੇ ਪੂਰੇ ਜੋਬਨ ਤੇ ਸੀ। ਸਹੂਲਤਾਂ ਵੀ ਅੱਜਕੱਲ੍ਹ ਵਰਗੀਆਂ ਨਹੀਂ ਸਨ। ਇਕ ਥਾਂ ਤੋਂ ਦੂਜੇ ਥਾਂ ਤੇ ਗੱਲ ਬਾਤ ਕਰਨ ਵਾਸਤੇ ਸਿਰਫ ਡਾਕ ਘਰਾਂ ਵਿੱਚ ਚਿੱਠੀਆਂ ਹੁੰਦੀਆਂ ਸਨ। ਕਦੇ ਕਦੇ ਕਿਸੇ ਜ਼ਰੂਰੀ ਮਸਲੇ ਵਾਸਤੇ ਤਾਰ ਵਗੈਰਾ ਦੀ ਵਰਤੋਂ ਹੋ ਜਾਂਦੀ ਸੀ। ਪਰ ਪਿੰਡਾਂ ਵਿੱਚ ਰਹਿਣ ਵਾਲਿਆਂ ਲਈ ਇਹ ਸੁਵਿਧਾ ਵੀ ਜ਼ਿਆਦਾ ਕੰਮ ਨਹੀਂ ਸੀ ਕਰਦੀ। ਅਜਿਹੀਆਂ ਗੱਲਾਂ ਵੀ ਵੇਖੀਆਂ ਹਨ ਕਿ ਬੰਦੇ ਦੀ ਕਿਸੇ ਜਗ੍ਹਾ ਪਹੁੰਚਣ ਦੀ ਤਾਰ ਨਾਲ ਦਿੱਤੀ ਹੋਈ ਖਬਰ ਪਿੱਛੋਂ ਪਹੁੰਚਦੀ ਸੀ ਅਤੇ ਬੰਦਾ ਪਹਿਲਾਂ ਪਹੁੰਚ ਜਾਂਦਾ ਸੀ। ਅਜਿਹੇ ਹਾਲਾਤਾਂ ਵਿੱਚ ਬਹੁਤ ਹੀ ਭਰੋਸੇ ਯੋਗ ਅਤੇ ਹਿੰਮਤ ਵਾਲੇ ਸੇਵਕਾਂ

ਦੀ ਲੋੜ ਸੀ ਜੋ ਤਨੋ ਮਨੋ ਹੋ ਕੇ ਦਿਨ ਰਾਤ ਦੌੜ ਭੱਜ ਕਰਕੇ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰ ਸਕਣ। ਇਹੋ ਜਿਹਾ ਇੱਕ ਵਿਅਕਤੀ ਸੀ, ਸੰਤ ਗੁਰਦੇਵ ਸਿੰਘ ਜੀ ਮਾਂਗਟ ਜਿਹਨਾ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਤਿਅੰਤ ਨੇੜਤਾ ਅਤੇ ਸਨੇਹ ਪ੍ਰਾਪਤ ਹੋਇਆ।

ਸੰਤ ਗੁਰਦੇਵ ਸਿੰਘ ਜੀ ਦਾ ਜਨਮ ੧੫ ਨਵੰਬਰ ਸੰਨ ੧੯੧੫ ਨੂੰ ਪਿੰਡ ਰਾਮਪੁਰ ਦੇ ਸ. ਕੇਹਰ ਸਿੰਘ ਅਤੇ ਮਾਤਾ ਹਰ ਕੌਰ ਦੇ ਗ੍ਰਹਿ ਵਿਖੇ ਹੋਇਆ। ਮਾਤਾ ਦੀ ਮਮਤਾ ਇਹਨਾਂ ਨੂੰ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਹੋ ਸਕੀ, ਕਿਉਂਕਿ ਉਹ ਇਹਨਾਂ ਦੇ ਜਨਮ ਤੋਂ ਇੱਕ ਸਾਲ ਮਗਰੋਂ ਹੀ ਸਵਰਗ ਪੁਰੀ ਸਿਧਾਰ ਗਏ ਸਨ। ਗੁਰਦੇਵ ਸਿੰਘ ਹੋਰਾਂ ਦੇ ਪਾਲਣ ਪੋਸਣ ਦੀ ਜਿੰਮੇਵਾਰੀ ਵੀ ਹੁਣ ਇਹਨਾ ਦੇ ਪਿਤਾ ਅਤੇ ਹੋਰ ਪਰਿਵਾਰ ਵਾਲਿਆਂ ਤੇ ਆ ਗਈ।

ਬਚਪਨ ਲੰਘਿਆ ਤੇ ਪੜ੍ਹਾਈ ਸ਼ੁਰੂ ਹੋ ਗਈ। ਇਸ ਤਰ੍ਹਾਂ ਸੰਨ ੧੯੩੩ ਵਿੱਚ ਦਸਵੀ ਪਾਸ ਕਰ ਲਈ ਅਤੇ ਫੇਰ ਸਤਿਗੁਰੂ ਜੀ ਕੋਲ ਸ੍ਰੀ ਭੈਣੀ ਸਾਹਿਬ ਆਉਣਾ ਜਾਣਾ ਸ਼ੁਰੂ ਹੋ ਗਿਆ। ਹੌਲੀ ਹੌਲੀ ਸਤਿਗੁਰੂ ਜੀ ਦੀ ਨੂਰਾਨੀ ਝਲਕ ਅਤੇ ਦੋਹਾਂ ਬਾਬਿਆਂ ਦੇ ਪ੍ਰੇਮ ਨੇ ਇਹਨਾਂ ਨੂੰ ਭੈਣੀ ਸਾਹਿਬ ਜੋਗੇ ਹੀ ਬਣਾ ਲਿਆ।

ਏਥੇ ਸੰਤ ਗੁਰਦੇਵ ਸਿੰਘ ਹੁਰਾਂ ਨੂੰ ਬਾਬਾ ਜਗਜੀਤ ਸਿੰਘ ਜੀ ਅਤੇ ਬਾਬਾ ਬੀਰ ਸਿੰਘ ਜੀ ਦੀ ਸੇਵਾ ਦਾ ਅਥਾਹ ਸੁਭਾਗ ਪ੍ਰਾਪਤ ਹੋਇਆ। ਇਹ ਉਹਨਾਂ ਦੇ ਜੋੜੀਦਾਰ ਵੀ ਸਨ ਅਤੇ ਸੇਵਕ ਵੀ। ਸੰਤ ਗੁਰਦੇਵ ਸਿੰਘ ਜੀ ਨੂੰ ਡਾਇਰੀ ਲਿਖਣ ਦਾ ਸ਼ੌਕ ਆਪਣੀ ਸਕੂਲ ਦੀ ਪੜ੍ਹਾਈ ਵੇਲੇ ਹੀ ਸ਼ੁਰੂ ਹੋ ਗਿਆ ਸੀ। ਹਰ ਰੋਜ਼ ਜੋ ਕੁਝ ਵਾਪਰਦਾ ਸੀ ਉਸ ਨੂੰ ਇਹ ਆਪਣੀ ਨਿੱਜੀ ਡਾਇਰੀ ਵਿੱਚ ਲਿਖ ਲੈਂਦੇ ਸਨ। ਇਹ ਸ਼ੌਕ ਇਹਨਾਂ ਦਾ ਹਮੇਸ਼ਾ ਹੀ ਰਿਹਾ। ਇਸ ਕਰਕੇ ਬਹੁਤ ਸਾਰੀਆਂ ਗੁਰੂ ਘਰ ਦੀਆ ਘਟਨਾਵਾ ਦਾ ਤਰੀਕਾ ਸਮੇਤ ਵੇਰਵਾ ਇਹਨਾਂ ਦੀਆਂ ਡਾਇਰੀਆਂ ਵਿਚੋਂ ਹੀ ਮਿਲਦਾ ਹੈ। ਕੈਨੇਡਾ ਜਾਣ ਉਪਰੰਤ ਇਹ ਡਾਇਰੀਆ ਇਹਨਾਂ ਨੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਮੱਥਾ ਟੇਕ ਦਿੱਤੀਆਂ ਸਨ ਜੋ ਹੁਣ ਸੰਤ ਹਰਪਾਲ ਸਿੰਘ ਹੁਰਾਂ ਕੋਲ ਸੰਭਾਲ ਕੇ ਰੱਖੀਆ ਹੋਈਆਂ ਹਨ।

ਸੰਤ ਗੁਰਦੇਵ ਸਿੰਘ ਹੁਰਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖਿਜਲੀ

ਦਾ ਕੰਮ ਤੇ ਸੰਨ ੧੯੩੪ ਵਿੱਚ ਹੀ ਸਿਖਵਾ ਦਿੱਤਾ ਸੀ। ਉਪਰੰਤ ਇਹਨਾਂ ਨੂੰ ਸੂਬਾ ਰੀਡਾ ਸਿੰਘ ਜੀ ਦਿੱਲੀ ਵਾਲਿਆਂ ਨਾਲ, ਜੋ ਉਸ ਵੇਲੇ ਮਿਸਤਰੀ ਜੀ ਕਰਕੇ ਮਸ਼ਹੂਰ ਸਨ, ਲਗਾਕੇ ਅਤੇ ਉਹਨਾਂ ਦੇ ਵਿਧੀਵਤ ਸ਼ਾਗਿਰਦ ਬਣਾ ਕੇ ਮਕੈਨਕੀ ਦਾ ਕੰਮ ਵੀ ਚੰਗੀ ਤਰ੍ਹਾਂ ਕਰਨਾ ਸਿਖਾ ਦਿੱਤਾ। ਸੂਬਾ ਜੀ ਨਾਲ ਗੁਰਦੇਵ ਸਿੰਘ ਹੁਰਾਂ ਦਾ ਬਹੁਤ ਪਿਆਰ ਸੀ। ਸੂਬਾ ਜੀ ਵੀ ਉਹਨਾਂ ਨੂੰ ਆਪਣਾ ਪੰਜਵਾਂ ਪੁੱਤਰ ਹੀ ਜਾਣਦੇ ਸਨ।

ਮਾਰਚ ਸੰਨ ੧੯੩੭ ਵਿੱਚ ਸੂਬਾ ਰੀਡਾ ਸਿੰਘ ਜੀ ਨੇ ਬਾਬਾ ਜੀ ਵਾਸਤੇ ਇੱਕ ਟਾਂਗਾ ਤਿਆਰ ਕੀਤਾ। ਸੰਤ ਗੁਰਦੇਵ ਸਿੰਘ ਹੁਰਾਂ ਨੂੰ ਵੀ ਇਸ ਵਿੱਚ ਪੂਰਾ ਸਹਿਯੋਗ ਦੇਣਾ ਪਿਆ। ਉਹਨਾਂ ਦਿਨਾਂ ਵਿੱਚ ਹੋਰ ਆਵਾਜਾਈ ਦੇ ਸਾਧਨ ਨਹੀਂ ਸਨ ਹੁੰਦੇ, ਸੋ ਬਾਬਾ ਜੀ ਇਸੇ ਟਾਂਗੇ ਉੱਤੇ ਨੇੜੇ ਤੇੜੇ ਜਾਂਦੇ ਹੁੰਦੇ ਸਨ। ਸੂਬਾ ਜੀ ਦੇ ਨਾਲ ਕੰਮ ਕਰਨ ਕਰਕੇ ਗੁਰਦੇਵ ਸਿੰਘ ਹੁਰੀਂ ਕਾਰ ਦੀ ਮਕੈਨਕੀ ਦੇ ਕੰਮ ਵਿੱਚ ਵੀ ਪੂਰੇ ਮਾਹਿਰ ਹੋ ਗਏ ਸਨ।

ਸਿੱਖ ਦਾ ਪ੍ਰੇਮ ਸਤਿਗੁਰੂ ਨਾਲ ਵੀ ਅਲੌਕਿਕ ਅਤੇ ਵਚਿੱਤਰ ਹੁੰਦਾ ਹੈ। ਬਾਣੀ ਵਿੱਚ ਲਿਖਿਆ ਹੈ ਕਿ ਜੇ ਗੁਰੂ ਝਿੜਕੇ ਤਾਂ ਮੀਠਾ ਲਗੇ। ਪਰ ਇਹ ਗੱਲ ਅਸਲੀ ਤੌਰ ਤੇ ਜੇਕਰ ਵਾਪਰ ਜਾਵੇ ਤਾਂ ਮੰਨਣਾ ਸ਼ਾਇਦ ਕਾਫੀ ਮੁਸ਼ਕਲ ਹੋ ਜਾਵੇ। ਗੁਰਦੇਵ ਸਿੰਘ ਜੀ ਆਪਣੀ ਡਾਇਰੀ ਵਿੱਚ ੧੦ ਮਈ ਸੰਨ ੧੯੩੭ ਦੀ ਘਟਨਾ ਬਾਰੇ ਜ਼ਿਕਰ ਕਰਦੇ ਹਨ ਕਿ ਇਹ ਦਿਨ ਉਹਨਾਂ ਦੀ ਜ਼ਿੰਦਗੀ ਦਾ ਸਭ ਤੋਂ ਸੁਹਾਵਣਾ ਦਿਨ ਸੀ। ਇਸ ਦਿਨ ਉਹਨਾਂ ਨੂੰ ਇੱਕ ਸੁਪਨਾ ਆਇਆ ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਗੁਰਦੇਵ ਸਿੰਘ ਅਤੇ ਲਾਲ ਸਿੰਘ ਡਰਾਈਵਰ ਨੂੰ ਬਹੁਤ ਗੁੱਸੇ ਹੋਏ ਅਤੇ ਆਪਣੇ ਖੂੰਡੇ ਨਾਲ ਇਹਨਾਂ ਦੋਹਾਂ ਨੂੰ ਕੁੱਟਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਆਰ ਅਤੇ ਗੁੱਸੇ ਨੂੰ ਤੇ ਹਰ ਰੋਜ਼ ਹੀ ਦੇਖਦੇ ਸਨ ਪਰ ਇਹ ਸੁਪਨਾ ਉਹਨਾਂ ਲਈ ਇੱਕ ਯਾਦਗਾਰ ਬਣ ਗਿਆ।

ਉਪਰੰਤ ਇਹਨਾਂ ਨੂੰ ਕੁਝ ਦੇਰ ਵਾਸਤੇ ਕਲਕੱਤਾ ਭੇਜ ਦਿੱਤਾ ਗਿਆ। ਉਥੇ ਇਹ ਬਹੁਤ ਹੀ ਉਦਾਸੀ ਦੀ ਹਾਲਤ ਵਿੱਚ ਚਲੇ ਗਏ। ਸਤਿਗੁਰੂ ਜੀ ਦਾ ਵਿਛੋੜਾ ਸਹਾਰਨਾ ਏਨਾ ਕਠਿਨ ਹੋ ਗਿਆ ਕਿ ਇਹਨਾਂ ਦਾ ਰੋਣ ਨਿਕਲ ਗਿਆ। ਕਿੰਨੀ ਦੇਰ ਵਿਰਲਾਪ ਕਰਦੇ ਰਹੇ ਅਤੇ ਅਰਦਾਸਾਂ ਕੀਤੀਆਂ ਕਿ ਹੇ ਸਚੇ ਪਾਤਸ਼ਾਹ ਇਹ ਵਿਛੋੜਾ ਜਲਦੀ ਖਤਮ ਕਰੋ।

ਤਿੰਨ ਜੁਲਾਈ ਸੰਨ ੧੯੩੭ ਨੂੰ ਗੁਰਦੇਵ ਸਿੰਘ ਹੁਰਾਂ ਦੀ ਪਤਨੀ ਚੜ੍ਹਾਈ ਕਰ ਗਈ। ਇਹਨਾਂ ਦਾ ਅਸਲੀ ਘਰ ਤੇ ਹੁਣ ਸ੍ਰੀ ਭੈਣੀ ਸਾਹਿਬ ਹੀ ਬਣ ਚੁੱਕਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਅਤੇ ਬਾਬਾ ਜੀ ਦਾ ਸੰਗ ਸਾਥ ਹੀ ਇਹਨਾਂ ਦਾ ਜੀਵਨ ਸੀ। ੧੯ ਜੁਲਾਈ ਸੰਨ ੧੯੩੭ ਦੀ ਡਾਇਰੀ ਵਿੱਚ ਲਿਖਦੇ ਹਨ ਕਿ ਅੱਜ ਕੱਲ੍ਹ, ਉਹ ਸਭ ਤੋਂ ਵੱਧ ਖੁਸ਼ ਅਤੇ ਚੰਗੀ ਕਿਸਮਤ ਵਾਲੇ ਹਨ ਜੋ ਉਹਨਾਂ ਨੂੰ ਸਤਿਗੁਰੂ ਜੀ ਦਾ ਪਾਵਨ ਪਵਿੱਤਰ ਦਰਸ਼ਨ ਅਤੇ ਸ੍ਰੀ ਬਾਬਾ ਜੀ ਦਾ ਸੰਗ ਪ੍ਰਾਪਤ ਹੈ।

ਸੰਨ ੧੯੩੭ ਦਾ ਜਪ ਪ੍ਰਯੋਗ ੧੬-੭-੧੯੩੭ ਨੂੰ ਸ਼ੁਰੂ ਹੋਇਆ। ਸੰਤ ਗੁਰਦੇਵ ਸਿੰਘ ਹੁਰਾਂ ਨੇ ਵੀ ਸੋਧ ਰੱਖੀ ਹੋਈ ਸੀ ਅਤੇ ਪ੍ਰਯੋਗ ਵਿੱਚ ਹਿਸਾ ਲੈ ਰਹੇ ਸਨ। ਆਪਣੇ ਰੋਜ਼ ਦੇ ਪ੍ਰੋਗਰਾਮ ਬਾਰੇ ਉਹ ਇਸ ਤਰ੍ਹਾਂ ਦਸਦੇ ਹਨ-

| | |
|---|---|
| ਇਸ਼ਨਾਨ ਅੰਮ੍ਰਿਤ ਵੇਲੇ | ੩:੩੦ ਵਜੇ |
| ਨਿਤਨੇਮ | ੩:੩੦ ਤੋਂ ੫:੩੦ ਤਕ |
| ਪਾਠ ਗੁਰਬਾਣੀ | ੫:੩੦ ਤੋਂ ੬:੩੦ ਤਕ |
| ਜਲ-ਪਾਣੀ | ੬:.੩੦ ਤੋਂ ੭:੩੦ ਤਕ |
| ਕਥਾ ਗ੍ਰੰਥ ਦੀ | ੭:੩੦ ਤੋਂ ੧੦:੦੦ ਤਕ |
| ਲੰਗਰ | ੧੦:੦੦ ਤੋਂ ੧੧:੦੦ ਤਕ |
| ਆਰਾਮ | ੧੧:੦੦ ਤੋਂ ੦੧:੦੦ ਤਕ |
| ਇਸ਼ਨਾਨ | ੦੧:੦੦ ਤੋਂ ੦੨:੦੦ ਤਕ |
| ਮਾਲਾ ਭਗੌਤੀਆਂ ਦੀ | ੦੨:੦੦ ਤੋਂ ੦੩:੦੦ ਤਕ |
| ਕਥਾ | ੦੩:੦੦ ਤੋਂ ੦੪:੩੦ ਤਕ |
| ਇਕੱਲੇ ਬੈਠੇ | ੦੪:੩੦ ਤੋਂ ੦੬:੦੦ ਤਕ |
| ਕੀਰਤਨ | ੦੬:੦੦ ਤੋਂ ੦੭:੦੦ ਤਕ |
| ਸ਼ਾਮ ਦੀ ਸੈਰ | ੦੭:੦੦ ਤੋਂ ੦੭:੩੦ ਤਕ |
| ਕੀਰਤਨ | ੦੭:੩੦ ਤੋਂ ੦੮:੩੦ ਤਕ |

ਇਸ ਪ੍ਰਯੋਗ ਦਾ ਭੋਗ ੧੬ ਅਗਸਤ ਸੰਨ ੧੯੩੭ ਨੂੰ ਪਿਆ। ਇਸੇ ਹੀ ਦਿਨ ਵੱਡੇ ਹਵਨ ਯੱਗ ਵਾਸਤੇ ਹਵਨ ਕੁੰਡ ਦਾ ਨਿਰਮਾਣ ਸ਼ੁਰੂ ਹੋਇਆ। ਇਹ ਹਵਨ ਕੁੰਡ ਵੀ ਸੂਬਾ ਗੰਡਾ ਸਿੰਘ ਦਿੱਲੀ ਵਾਲਿਆਂ ਦਾ ਇੱਕ ਖਾਸ ਹੀ

ਕਾਰੀਗਰੀ ਦਾ ਨਮੂਨਾ ਸੀ। ਛੇ ਸਤੰਬਰ ਸੰਨ ੧੯੩੭ ਨੂੰ ਏਥੇ ਵੱਡਾ ਹਵਨ ਆਰੰਭ ਹੋਇਆ।

ਸਤਿਗੁਰੂ ਸਦੀਵ ਹੀ ਆਪਣੇ ਸਿੱਖਾਂ ਨੂੰ ਜੀਵਨ ਦੀ ਸਫਲਤਾ ਵਾਸਤੇ ਸੇਧ ਪ੍ਰਦਾਨ ਕਰਦੇ ਹਨ। ਸਿਰਫ ਇੱਕ ਸਤਿਗੁਰੂ ਜੀ ਹੀ ਹਨ ਜੋ ਸਭ ਦਾ ਭਲਾ ਮਣਾਉਂਦੇ ਹਨ। ਹਰ ਰੋਜ਼ ਸਾਰੇ ਹੀ ਪਾਠੀਆਂ ਨੂੰ ਗਲੋ ਅਜਵਾਇਣ ਵਾਲੀ ਸ਼ਰਦਾਈ ਵਰਤਾਈ ਜਾਂਦੀ ਸੀ। ਸਾਰੇ ਬੈਠ ਕੇ ਸ਼ਰਦਾਈ ਪੀ ਰਹੇ ਸਨ ਪਰ ਗੁਰਦੇਵ ਸਿੰਘ ਹੁਰਾਂ ਸ਼ਰਦਾਈ ਇੱਕ ਥਾਲੀ ਵਿੱਚ ਪਵਾ ਲਈ ਅਤੇ ਖਲੋਤੇ ਖਲੋਤੇ ਹੀ ਪੀਣ ਲੱਗ ਪਏ। ੨੯-੮-੧੯੩੭ ਦੀ ਇਸ ਘਟਨਾ ਦਾ ਜ਼ਿਕਰ ਕਰਦੇ ਗੁਰਦੇਵ੍ ਸਿੰਘ ਜੀ ਲਿਖਦੇ ਹਨ ਕਿ ਉਹ ਅਕਾਲ ਬੁੰਗੇ ਖਲੋਤੇ ਸਨ। ਸ਼ਾਮ ਨੂੰ ਪੰਜ ਕੁ ਵਜੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉੱਥੇ ਦਰਸ਼ਨ ਦਿਤੇ। ਨਿੰਮ ਦੇ ਦਰੱਖਤ ਦੇ ਹੇਠਾਂ ਖਲੋਤਿਆਂ ਸ਼ਰਦਾਈ ਪੀਂਦਿਆਂ ਨੂੰ ਸਤਿਗੁਰੂ ਜੀ ਨੇ ਗੁਰਦੇਵ ਸਿੰਘ ਹੁਰਾਂ ਨੂੰ ਹੁਕਮ ਕੀਤਾ ਕਿ ਜਲ ਹਮੇਸ਼ਾਂ ਬੈਠ ਕੇ ਛਕਣਾ ਚਾਹੀਦਾ ਹੈ, ਅਤੇ ਦੁੱਧ ਭਾਵੇਂ ਖਲੋਤੇ ਖਲੋਤੇ ਹੀ ਪੀ ਲਵੋ। ਇਹ ਇੱਕ ਅਮੋਲਕ ਸਿੱਖਿਆ ਸੀ।

ਹਵਨ ਯੱਗ ਦਾ ਭੋਗ ੧੬ ਸਤੰਬਰ ਸੰਨ ੧੯੩੭ ਨੂੰ ਪਿਆ। ੧੫੧ ਪੀਪੇ ਘਿਉ ਇਸ ਹਵਨ ਵਿੱਚ ਖਰਚ ਹੋਏ ਸਨ। ੧੪ ਸਤੰਬਰ ਸੰਨ ੧੯੩੭ ਨੂੰ ੧੦੦੦ ਦਸਮ ਗ੍ਰੰਥ ਦੇ ਅਖੰਡ ਪਾਠ ਆਰੰਭ ਹੋਏ। ੧੫ ਨਵੰਬਰ ਸੰਨ ੧੯੩੭ ਨੂੰ ਇੱਕ ਸਾਲ ਵਾਸਤੇ ਅਖੰਡ ਹਵਨ ਵੀ ਅਰੰਭ ਹੋਇਆ। ਇਸ ਤਰ੍ਹਾਂ ਇਹਨਾਂ ਦੀਆਂ ਡਾਇਰੀਆਂ ਵਿੱਚ ਬਹੁਤ ਹੀ ਵਡਮੁੱਲੀਆਂ ਇਤਿਹਾਸਕ ਜਾਣਕਾਰੀਆਂ ਉਪਲਬਧ ਹਨ।

ਚਾਰ ਜਨਵਰੀ ਸੰਨ ੧੯੩੮ ਨੂੰ ਸੰਤ ਗੁਰਦੇਵ ਸਿੰਘ ਜੀ ਉਪਰ ਸਾਰੇ ਗੁਰਦਵਾਰੇ ਦੀਆਂ ਚਿੱਠੀਆਂ ਲਿਖਣ ਦਾ ਭਾਰ ਵੀ ਪੈ ਗਿਆ। ਇਸਦੇ ਨਾਲ ਹੀ ਇਹ ਵਿਦਿਆਲੇ ਵਿੱਚ ਬੱਚਿਆਂ ਨੂੰ ਅੰਗਰੇਜ਼ੀ ਅਤੇ ਹਿਸਾਬ ਵੀ ਪੜ੍ਹਾਉਣ ਲੱਗ ਪਏ। ਬਾਕੀ ਬੱਚਿਆਂ ਦੇ ਨਾਲ ਦੋਨੋ ਬਾਬਾ ਜੀ ਅਤੇ ਕਵੀ ਪ੍ਰੀਤਮ ਸਿੰਘ ਜੀ ਵੀ ਇਹਨਾਂ ਦੇ ਵਿਦਿਆਰਥੀ ਸਨ। ਹੁਣ ਸੰਤ ਗੁਰਦੇਵ ਸਿੰਘ ਜੀ ਨੂੰ ਇੱਕ ਲਾਂਗਰੀ, ਸੇਵਾਦਾਰ, ਅਧਿਆਪਕ ਅਤੇ ਚਿੱਠੀ ਪੱਤਰ ਲਿਖਣ ਅਤੇ ਡਾਕ ਦਾ ਸਾਰਾ ਕੰਮ ਕਰਨਾ ਪੈਂਦਾ ਸੀ। ਇਸ ਤੋਂ ਇਲਾਵਾ ਬਾਬਾ ਜੀ ਨਾਲ ਘੁਲਣਾ,

ਕ੍ਰਿਕੇਟ ਅਤੇ ਪੋਲੋ ਖੇਡਣ ਦਾ ਫਰਜ਼ ਵੀ ਨਿਭਾਉਣਾ ਪੈਂਦਾ ਸੀ। ਐਨੀ ਭਿੰਨ ਭਿੰਨ ਡਿਊਟੀ ਕਾਰਨ ਇਹ ਸਾਰਾ ਸਮਾਂ ਹੀ ਰੁਝੇਵੇਂ ਵਿੱਚ ਰਹਿੰਦੇ ਪਰ ਚਿਹਰੇ ਤੇ ਕਦੇ ਸ਼ਿਕਨ ਨਾ ਪੈਂਦਾ ਅਤੇ ਸਾਰੇ ਕੰਮ ਬਹੁਤ ਫੁਰਤੀ ਅਤੇ ਹੁਸ਼ਿਆਰੀ ਨਾਲ ਪੂਰੇ ਕਰਦੇ।

ਭਾਰਤ ਦੀ ਵੰਡ ਤੋਂ ਮਗਰੋਂ ਹੁਣ ਜੀਵਨ ਨਗਰ ਵੀ ਨਾਮਧਾਰੀ ਸਾਧ ਸੰਗਤ ਦੀ ਵਸੋਂ ਦਾ ਸਥਾਨ ਬਣ ਗਿਆ ਸੀ। ਲੋਕਾਂ ਦਾ ਪੱਛਮੀ ਪੰਜਾਬ ਵਿੱਚੋਂ ਭਾਰਤ ਆਉਣਾ ਸ਼ੁਰੂ ਹੋ ਚੁੱਕਾ ਸੀ। ਇਹਨਾਂ ਦੇ ਰਹਿਣ ਸਹਿਣ ਦਾ ਬੰਦੋਬਸਤ ਅਤੇ ਹੋਰ ਡੇਰੇ ਦੇ ਕੰਮ ਵੀ ਪੂਰੇ ਜ਼ੋਰ ਤੇ ਸਨ। ਆਵਾਜਾਈ ਦੇ ਸਾਧਨ ਵੀ ਨਹੀਂ ਸਨ। ਜ਼ਮੀਨ ਦੀ ਹਾਲਤ ਵੀ ਐਨੀ ਚੰਗੀ ਨਹੀਂ ਸੀ। ਇਸ ਨੂੰ ਪੂਰਨ ਤੌਰ ਤੇ ਉਪਜਾਊ ਬਣਾਉਣ ਵਾਸਤੇ ਹਰ ਵਿਅੱਕਤੀ ਦੀ ਕਰੜੀ ਮਿਹਨਤ ਦੀ ਜ਼ਰੂਰਤ ਸੀ। ਸੰਤ ਗੁਰਦੇਵ ਸਿੰਘ ਹੁਰਾਂ ਇਸ ਸਾਰੇ ਕੰਮ ਵਿੱਚ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਪੂਰਾ ਯੋਗਦਾਨ ਹੀ ਨਹੀਂ ਦਿੱਤਾ ਸਗੋਂ ਆਪਣੀ ਮਿਹਨਤ ਅਤੇ ਸਫਲਤਾ ਦਾ ਸਬੂਤ ਵੀ ਦਿੱਤਾ।

ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੰਮ ਕਾਰ ਨੂੰ ਹੋਰ ਤੇਜ਼ੀ ਨਾਲ ਕਰਨ ਵਾਸਤੇ ਅਤੇ ਆਵਾਜਾਈ ਨੂੰ ਵਧਾਉਣ ਵਾਸਤੇ ਆਪਣਾ ਹਵਾਈ ਜਹਾਜ਼ ਖਰੀਦਣ ਦਾ ਪ੍ਰੋਗਰਾਮ ਬਣਾਇਆ। ਇਸ ਵਾਸਤੇ ਇੱਕ ਸੁਲਝੇ ਹੋਏ ਅਤੇ ਭਰੋਸੇ ਯੋਗ ਪਾਇਲਟ ਦੀ ਲੋੜ ਸੀ। ਸੋ ਸਤਿਗੁਰੂ ਜੀ ਨੇ ਸ੍ਰੀ ਬਾਬਾ ਬੀਰ ਸਿੰਘ ਜੀ ਅਤੇ ਸੰਤ ਗੁਰਦੇਵ ਸਿੰਘ ਨੂੰ ਪਾਇਲਟ ਦੀ ਟਰੇਨਿੰਗ ਲੈਣ ਲਈ ਲਖਨਊ ਭੇਜਿਆ। ਆਪਣੇ ਹਵਾਈ ਜਹਾਜ਼ ਵੀ ਖਰੀਦ ਲਏ। ਸ੍ਰੀ ਜੀਵਨ ਨਗਰ ਹਵਾਈ ਪੱਟੀ ਵੀ ਬਣੀ ਪਰ ਇਸ ਵਿੱਚ ਆਧੁਨਿਕ ਉਪਕਰਨ ਰੈਡਰ ਵਗੈਰਾ ਨਹੀਂ ਸਨ। ਪਾਇਲਟ ਨੂੰ ਆਪ ਹੀ ਆਪਣੀ ਅਕਲ ਅਤੇ ਤਜ਼ਰਬੇ ਦੇ ਨਾਲ ਹਵਾਈ ਜਹਾਜ਼ ਉਤਾਰਨਾ ਅਤੇ ਚੜ੍ਹਾਉਣਾ ਪੈਂਦਾ ਸੀ। ਏਸੇ ਤਰ੍ਹਾਂ ਹੀ ਇੱਕ ਹਵਾਈ ਪੱਟੀ ਸੁਹੇਵੇ ਸਾਹਿਬ ਵੀ ਕੁਦਰਤੀ ਹੀ ਬਣੀ ਹੋਈ ਸੀ। ਏਥੇ ਵੀ ਇਹਨਾਂ ਨੂੰ ਆਮ ਤੌਰ ਤੇ ਜਾਣਾ ਆਉਣਾ ਪੈਂਦਾ ਸੀ।

ਏਨੇ ਕਿਸਮਾਂ ਦੀ ਡਿਊਟੀ ਇੱਕ ਸੁਲਝਿਆ ਹੋਇਆ ਇਨਸਾਨ ਜਿਸ ਨੂੰ ਆਪਣੇ ਹੋਸ਼ ਹਵਾਸ ਤੇ ਪੂਰਾ ਨਿਅੰਤਰਣ ਹੋਵੇ ਅਤੇ ਸਤਿਗੁਰੂ ਜੀ ਦੀ ਕਿਰਪਾ ਦਾ ਪਾਤਰ ਹੋਵੇ ਹੀ ਕਰ ਸਕਦਾ ਹੈ। ਸੰਤ ਗੁਰਦੇਵ ਸਿੰਘ ਹੁਰਾਂ ਵਿੱਚ

ਇਹ ਸਾਰੇ ਹੀ ਗੁਣ ਸਨ। ਸਭ ਕੰਮ ਬਹੁਤ ਫੁਰਤੀ ਅਤੇ ਹੁਸ਼ਿਆਰੀ ਨਾਲ ਕਰਨੇ। ਨਿਰਲੋਭ, ਨਿਰਮਾਣਤਾ, ਪੂਰਨ ਸ਼ਰਧਾ ਅਤੇ ਇਮਾਨਦਾਰੀ ਇਹਨਾਂ ਦੇ ਅਨੇਕਾਂ ਗੁਣਾਂ ਵਿੱਚੋਂ ਸਨ। ਕਿਸੇ ਵੀ ਦੁਖੀਏ ਯਾ ਲੋੜਵੰਦ ਦੀ ਯਥਾ ਸ਼ਕਤੀ ਸਹਾਇਤਾ ਕਰਨੀ ਤੇ ਸਤਿਗੁਰੂ ਜੀ ਕੋਲੋਂ ਉਸ ਨੂੰ ਬਖਸ਼ਿਸ਼ ਦਾ ਪਾਤਰ ਬਣਾਉਣਾ ਵੀ ਇਹਨਾਂ ਦਾ ਸੁਭਾਅ ਸੀ। ਇਹ ਬਹੁਤ ਹੀ ਮਿਠ ਬੋਲੜੇ ਅਤੇ ਮਿਲਾਪੜੇ ਸੁਭਾਅ ਦੇ ਹਨ। ਜਿਹੜਾ ਵੀ ਇਹਨਾਂ ਨੂੰ ਇੱਕ ਵਾਰ ਮਿਲ ਲੈਂਦਾ ਹੈ ਉਸਦਾ ਬਾਰ-ਬਾਰ ਮਿਲਣ ਨੂੰ ਜੀਅ ਕਰਦਾ ਹੈ।

ਕੈਨੇਡਾ ਜਾਣ ਉਪਰੰਤ ਵੀ ਸੰਤ ਗੁਰਦੇਵ ਸਿੰਘ ਹੁਰਾਂ ਦੇ ਚਾਹਵਾਨਾ ਵਿੱਚ ਕਮੀ ਨਹੀ ਆਈ। ਉਹ ਹੁਣ ਵੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਉਹਨਾਂ ਦੇ ਖਾਸ ਪ੍ਰੇਮੀਆਂ ਵਿੱਚੋਂ ਹਨ। ਉਹ ਅੱਜ ਵੀ ਸਤਿਗੁਰੂ ਜੀ ਦੇ ਸਨੇਹ ਅਤੇ ਬਖਸ਼ਿਸ਼ ਦੇ ਓਨੇ ਹੀ ਪਾਤਰ ਹਨ ਜਿੰਨੇ ਪਹਿਲਾਂ ਸਨ। ਉਹਨਾਂ ਦੀ ਯਾਦਾਸ਼ਤ ਏਨੀ ਅੱਛੀ ਹੈ ਕਿ ਅੱਜ ਵੀ ਉਹਨਾਂ ਨੂੰ ਆਪਣੇ ਪੁਰਾਣੇ ਸਮੇਂ ਦੀਆਂ ਸਾਰੀਆਂ ਗੱਲਾਂ ਯਾਦ ਹਨ। ਇਹੋ ਹੀ ਨਹੀ ਬਲਕਿ ਪੁਰਾਣੇ ਸ੍ਰੀ ਭੈਣੀ ਸਾਹਿਬ ਜਦੋਂ ਏਥੇ ਸਾਰੇ ਕੱਚੇ ਕੋਠੇ ਹੀ ਹੁੰਦੇ ਸਨ, ਦਾ ਨਕਸ਼ਾ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਜਿਉਂ ਦਾ ਤਿਉਂ ਹੈ। ਕਿਸੇ ਜਗ੍ਹਾ ਦਾ ਵੀ ਹਿਸਾਬ ਪੂਰਾ ਦਸ ਸਕਦੇ ਹਨ ਕਿ ਏਥੇ ਕਿੰਨੇ ਫੁੱਟ ਤੇ ਕੀ ਸੀ। ਉਹਨਾਂ ਨੂੰ ਹੁਣ ਵੀ ਸ੍ਰੀ ਭੈਣੀ ਸਾਹਿਬ ਆ ਕੇ ਜੋ ਅਨੰਦ ਮਿਲਦਾ ਹੈ ਉਹ ਸ਼ਾਇਦ ਕੈਨੇਡਾ ਵਿਚ ਵੀ ਨਹੀ। ਹੁਣ ੯੨-੯੩ ਸਾਲ ਦੀ ਆਯੂ ਵਿੱਚ ਜਦੋਂ ਉਹਨਾਂ ਦੀ ਧਰਮ ਪਤਨੀ ਦੋ ਕੁ ਸਾਲ ਪਹਿਲਾਂ ਉਹਨਾਂ ਨੂੰ ਵਿਛੋੜਾ ਦੇ ਗਈ, ਸੰਤ ਗੁਰਦੇਵ ਸਿੰਘ ਜੀ ਆਪਣੀ ਸਪੁੱਤਰੀ ਗੁਰਤੇਜ ਕੌਰ ਅਤੇ ਉਹਨਾਂ ਦੇ ਪਤੀ ਸੰਤ ਰਣਜੀਤ ਸਿੰਘ ਬਾਜਵਾ ਜੀ ਦੇ ਨਾਲ ਰਹਿੰਦੇ ਹਨ। ਉਹ ਧੰਨਵਾਦੀ ਹਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਿ ਉਹ ਇਸ ਉਮਰ ਵਿੱਚ ਨਿਆਸਰੇ ਨਹੀ ਹਨ ਅਤੇ ਉਹਨਾਂ ਦੀ ਅਪਾਰ ਬਖਸ਼ਿਸ਼ ਸਦਕਾ ਆਪਣਾ ਇਹ ਸਮਾਂ ਸਤਿਗੁਰਾਂ ਦੀ ਯਾਦ ਵਿੱਚ ਬਤੀਤ ਕਰ ਰਹੇ ਹਨ।

ਮੈਂ ਸ੍ਰ. ਸਵਰਨ ਸਿੰਘ ਵਿਰਕ ਜੀ ਦਾ ਧੰਨਵਾਦੀ ਹਾਂ ਜਿਹਨਾਂ ਨੇ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇਸ ਪੁਸਤਕ ਦੇ ਖਰੜੇ ਨੂੰ ਪੜ੍ਹਿਆ ਅਤੇ ਭੂਮਿਕਾ ਵਜੋਂ 'ਇੱਕ ਵਚਿੱਤਰ ਪੁਸਤਕ' ਸਿਰਲੇਖ ਲਿਖਣ ਦੀ ਕਿਰਪਾ ਕੀਤੀ ਹੈ। ਮੈਂ ਧੰਨਵਾਦੀ ਹਾਂ ਸੰਤ ਬਲਕਾਰ ਸਿੰਘ ਜੀ ਅਤੇ ਸੰਤ ਰਘਬੀਰ ਸਿੰਘ

ਜੀ ਦਾ ਜਿਹਨਾਂ ਨੇ ਆਪਣੇ ਨਿਜੀ ਅਨੁਭਵ ਅਤੇ ਸੰਬੰਧ ਸਦਕਾ ਸੰਤ ਗੁਰਦੇਵ ਸਿੰਘ ਜੀ ਵਾਸਤੇ ਆਪਣੇ ਵਿਚਾਰ ਇਸ ਪੁਸਤਕ ਲਈ ਲਿਖਤੀ ਰੂਪ ਵਿੱਚ ਦੇਣ ਦੀ ਕਿਰਪਾ ਕੀਤੀ ਹੈ। ਅੰਤ ਵਿੱਚ ਮੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕ੍ਰਿਤਗਯ ਹਾਂ ਜਿਹਨਾਂ ਦੀ ਅਪਾਰ ਬਖਸ਼ਿਸ ਸਦਕਾ ਹੀ ਇਸ ਪੁਸਤਕ ਦਾ ਕੰਮ ਨੇਪਰੇ ਚੜ੍ਹ ਸਕਿਆ ਹੈ। ਆਸ ਕਰਦਾ ਹਾਂ ਕਿ ਸਤਿਗੁਰੂ ਜੀ ਦੀ ਇਹ ਬਖਸ਼ਿਸ ਸਦੀਵ ਹੀ ਬਣੀ ਰਹੇਗੀ।

ਸੰਤ ਸਿੰਘ
ਐਫ਼ ੨੧੩-ਏ-੧,
ਮਾਨਸਰੋਵਰ ਗਾਰਡਨ,
ਨਵੀ ਦਿੱਲੀ, ੧੧੦੦੧੫

# ਇੱਕ ਵਚਿੱਤਰ ਪੁਸਤਕ

ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਨਾਮਧਾਰੀ ਸੰਤ ਖਾਲਸਾ ਜੀ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਸਾਜਣਾ ਦੀ ੧੫੦ਵੀਂ ਵਰ੍ਹੇ ਗੰਢ ਵਾਲੇ ਸਾਲ ਵਿੱਚ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਕੁਝ ਪੁਸਤਕਾਂ ਪਾਠਕਾਂ ਦੇ ਸਾਹਵੇਂ ਆਈਆਂ ਹਨ। ਪਹਿਲੀ ਡੇਢ ਸ਼ਤਾਬਦੀ ਨੂੰ ਸਮਰਪਿਤ ਵੱਖ ਵੱਖ ਲੇਖਕਾਂ ਨੇ ਆਪਣੇ ਵਲੋਂ ਬਣਦਾ ਯੋਗਦਾਨ ਪਾਇਆ ਹੈ। ਇਸੇ ਲੜੀ ਵਿੱਚ ਸੰਤ ਗੁਰਦੇਵ ਸਿੰਘ ਜੀ ਮਾਂਗਟ ਪਿੰਡ ਰਾਮਪੁਰ (ਜ਼ਿਲ੍ਹਾ ਲੁਧਿਆਣਾ) ਦੁਆਰਾ ਲਿਖੀ ਅਤੇ ਸ੍ਰ. ਸੰਤ ਸਿੰਘ ਜੀ, ਦਿੱਲੀ ਦੁਆਰਾ ਸੰਪਾਦਿਤ, ਇਹ ਪੁਸਤਕ ਪ੍ਰਕਾਸ਼ਿਤ ਹੋਈ ਹੈ ਜਿਸ ਵਿੱਚ ਮਾਂਗਟ ਸਾਹਿਬ ਨੇ ਆਪਣੀਆਂ ਪੁਰਾਣੀਆਂ ਡਾਇਰੀਆਂ ਅਤੇ ਯਾਦਾਸ਼ਤ ਦੇ ਲਿਹਾਜ਼ ਨਾਲ ਬੜੀ ਮੁੱਲਵਾਨ ਸਮੱਗਰੀ ਇਕੱਤਰ ਕੀਤੀ ਹੈ। ਮਾਂਗਟ ਸਾਹਿਬ ਦਾ ਨਾਮ ਨਾਮਧਾਰੀ ਸਮਾਜ ਵਿੱਚ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਕਿਉਂ ਜੁ ਉਹ ੧੯੩੩ ਈ. ਵਿੱਚ ਮੈਟਰਿਕ ਦਾ ਇਮਤਿਹਾਨ ਪਾਸ ਕਰਨ ਬਾਅਦ ਸ਼ੀਘਰ ਹੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿੱਚ ਆ ਕੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਗਏ ਸਨ। ਪਹਿਲੇ ਛੱਬੀ ਸਾਲ ਉਹਨਾਂ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਸੇਵਾ ਵਿੱਚ ਬਤੀਤ ਕੀਤੇ ਅਤੇ ਫਿਰ ੧੯੫੯ ਤੋਂ ੧੯੬੬ ਈ. ਤੱਕ ਸੱਤ ਵਰ੍ਹੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਕਟਤਾ ਮਾਣੀ। ਆਪ ਉਹਨਾਂ ਦੇ ਡਰਾਈਵਰ, ਸੈਕਟਰੀ ਅਤੇ ਹੋਰ ਵੀ ਮਹੱਤਵਪੂਰਨ ਜ਼ਿੰਮੇਵਾਰੀਆਂ ਨਿਬਾਹੁੰਦੇ ਰਹੇ। ਇਸ ਤਰ੍ਹਾਂ ਏਨਾਂ ਲੰਮਾ ਸਮਾਂ ਦੋ ਸਤਿਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿਕੇ ਬਹੁਤ ਅਹਿਮ ਜ਼ਿੰਮੇਵਾਰੀਆਂ ਨਿਬਾਹੁਣੀਆਂ ਅਤੇ ਉਹਨਾਂ ਤੇ ਲਗਾਤਾਰ ਟਿਕੇ ਰਹਿਣਾ ਬੜਾ ਬਿਖਮ ਕਾਰਜ ਹੁੰਦਾ ਹੈ। ਇਸ ਨੂੰ ਸਰੰਜਾਮ ਦੇਣਾ ਕਿਸੇ ਸਾਧਾਰਨ ਬੁੱਧੀ ਵਾਲੇ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਹੁੰਦਾ। ਇਸ ਲਈ

ਦਿਲ ਦਿਮਾਗ ਅਤੇ ਤਨ ਮਨ ਵਿੱਚ ਜਿਹਨਾਂ ਅਦੁੱਤੀ ਸ਼ਕਤੀਆਂ ਦਾ ਸੰਚਾਰ ਲੋੜੀਦਾ ਹੈ, ਉਹ ਇਸ ਪ੍ਰਤਿਭਾਵਾਨ ਮਨੁੱਖ ਦੀ ਦੇਹ ਵਿੱਚ ਮੌਜੂਦ ਸਨ। ਇਹਨਾਂ ਦੁਆਰਾ ਇਕੱਤਰ ਕੀਤੀ ਗਈ ਇਹ ਜਾਣਕਾਰੀ ਭਾਵੇਂ ਆਪਣੇ ਸੰਗਾਊ ਅਤੇ ਆਪਾ ਵਿਅਕਤ ਨਾ ਕਰਨ ਵਾਲੇ ਸੁਭਾਉ ਸਦਕਾ ਉਹਨਾਂ ਅਤਿ ਸੰਖੇਪ ਰੂਪ ਵਿੱਚ ਦਿਤੀ ਹੈ ਪਰ ਇਸ ਦੀ ਇਤਿਹਾਸਕ ਮਹੱਤਤਾ ਬਹੁਤ ਉੱਚ ਪਾਏ ਦੀ ਹੈ। ਕੁਝ ਤੱਥ ਐਸੇ ਹਨ ਜਿਹਨਾਂ ਤੇ ਪਹਿਲੀ ਵੇਰ ਇਸ ਲਿਖਤ ਵਿੱਚ ਹੀ ਰੌਸ਼ਨੀ ਪਾਈ ਗਈ ਹੈ।

ਮਾਂਗਟ ਸਾਹਿਬ ਦਾ ਭੈਣੀ ਸਾਹਿਬ ਨਾਲ ਸੰਪਰਕ ਸੂਤਰ ਉਹਨਾਂ ਦੇ ਤਾਇਆ ਜੀ ਵੀਰਮ ਦਾਸ ਉਰਫ ਵੀਰ ਸਿੰਘ ਜਹਾਨ, ਜੋ ਰਾਈਆਂ ਪਿੰਡ ਦੇ ਉਦਾਸੀ ਡੇਰੇ ਦੇ ਕੁਝ ਸਮਾ ਮਹੰਤ ਸਨ, ਹੀ ਸਿੱਧ ਹੋਏ। ਰਾਈਆਂ ਨਗਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੋਣ ਕਾਰਨ ਹੁਣ ਤਾਂ ਵਿਸ਼ਵ-ਵਿਖਿਆਤ ਹੋ ਚੁੱਕਾ ਹੈ। ਇਸ ਪਿੰਡ ਤੋਂ ਉੱਠਕੇ ਹੀ ਸ੍ਰੀ ਸਤਿਗੁਰੂ ਜੀ ਦਾ ਪਰਵਾਰ ਉਦੋਂ ਦੇ ਪਿੰਡ ਭੈਣੀ ਆਲਾ ਜਾਂ ਭੈਣੀ ਭੂੰਦੜ ਵਿੱਚ ਆ ਵੱਸਿਆ ਸੀ ਜੋ ਹੁਣ ਗੁਰੂ-ਨਗਰੀ ਹੋਣ ਕਾਰਨ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਜਾਣੀ ਜਾਂਦੀ ਹੈ। ਭੈਣੀ ਸਾਹਿਬ ਅਤੇ ਰਾਈਆਂ ਦੇ ਵਿਚਾਲੇ ਉਦਾਸੀ-ਸੰਪ੍ਰਦਾਇ ਦੇ ਸਾਧੂਆਂ ਦਾ ਇਕ ਡੇਰਾ ਚਲਿਆ ਆ ਰਿਹਾ ਸੀ। ਕਿਉਂਕਿ ਉਦਾਸੀ ਸਾਧੂ ਗੁਰਬਾਣੀ ਦੁਆਰਾ ਸਿੱਖੀ ਪਰਚਾਰ ਕਰਿਆ ਕਰਦੇ ਸਨ, ਇਸ ਲਈ ਸਿੱਖ ਰਾਜ ਦੇ ਸਮੇਂ ਇਹਨਾਂ ਦੇ ਨਾਮ ਤੇ ਜਗੀਰਾਂ ਲਾ ਦਿਤੀਆਂ ਗਈਆਂ। ਇਸ ਡੇਰੇ ਦੀ ੧੪੦੦ ਕੱਚਾ ਵਿਘਾ ਜਮੀਨ ਸੀ ਜੋ ੩੦੦-੩੫੦ ਏਕੜ ਦੇ ਕਰੀਬ ਬਣਦੀ ਸੀ। ਇਸ ਡੇਰੇ ਦਾ ਇਕ ਮਹੰਤ ਮਨਸਾ ਰਾਮ ਬਾਬਾ ਜੱਸਾ ਸਿੰਘ, ਸਤਿਗੁਰੂ ਜੀ ਦੇ ਪਿਤਾ ਦਾ ਚੰਗਾ ਮਿੱਤਰ ਸੀ। ਇਸ ਲਈ ਬਾਬਾ ਜੀ ਦਾ ਸਸਕਾਰ ਉਹਨਾਂ ਦੀ ਅੰਤਿਮ ਇਛਿਆ ਅਨੁਸਾਰ ਅਤੇ ਕੁਝ ਭੈਣੀ ਸਾਹਿਬ ਦੇ ਸਥਾਨਕ ਜ਼ਿੰਮੀਦਾਰਾਂ ਦੇ ਰਾਮ ਸਰ ਪਾਸ ਸਸਕਾਰ ਤੋਂ ਵਿਰੋਧ ਕਰਨ ਕਾਰਨ, ਮਨਸਾ ਰਾਮ ਦੀ ਸਮਾਧ ਪਾਸ ਰਾਈਆਂ ਦੇ ਇਸ ਡੇਰੇ ਵਿੱਚ ਹੀ ਕੀਤਾ ਗਿਆ ਸੀ। ਸਤਿਗੁਰੂ ਜੀ ਆਪਣੇ ਇਕ ਹੁਕਮਨਾਮੇ ਵਿੱਚ ਲਿਖਦੇ ਹਨ "ਪੈਹਲੇ ਉਦਾਸੀ ਕਾ ਚੇਲਾ ਭੀ ਰਿਹਾ" ਅਤੇ ਫਿਰ ਗੁਰੂ ਬਾਲਕ ਸਿੰਘ ਜੀ ਨੂੰ ਮਿਲਕੇ ਹੀ ਉਹਨਾਂ ਨੂੰ ਜੀਵਨ ਦਾ ਲਕਸ਼ ਹਾਸਿਲ ਹੋਇਆ। ਇਹ ਉਦਾਸੀ ਬਾਬਾ ਮਨਸਾ ਰਾਮ ਹੋ ਸਕਦਾ ਹੈ ਜਾਂ ਉਸ ਦਾ ਕੋਈ ਪੂਰਵਜ ਇਹ ਤਾਂ ਸਾਡੇ ਇਤਿਹਾਸ ਦੀ ਖੋਜ ਦਾ ਵਿਸ਼ਾ ਹੈ। ਪਰ ਇਹ

ਜ਼ਰੂਰ ਸਿੱਧ ਹੁੰਦਾ ਹੈ ਕਿ ਇਸ ਡੇਰੇ ਨਾਲ ਨਾਮਧਾਰੀ ਪੰਥ ਦੀ ਸਥਾਪਨਾ ਵੇਲੇ ਤੋਂ ਸੁਖਦਾਈ ਸੰਬੰਧ ਚੱਲੇ ਆਉਂਦੇ ਸਨ। ਜਿਹਨਾਂ ਸੰਬੰਧਾ ਵਿੱਚ ਕੂਕਿਆਂ ਵਿਰੁੱਧ ਸਰਕਾਰੀ ਸਖਤੀਆਂ ਦਾ ਦੌਰ ਸ਼ੁਰੂ ਹੋਣ ਬਾਅਦ ਖਟਾਸ ਪੈਦਾ ਹੋਣੀ ਕੁਦਰਤੀ ਸੀ ਕਿਉਂ ਜੁ ਸਰਕਾਰ ਦੇ ਬਾਗੀਆਂ ਕੋਲੋਂ ਹਰ ਕੋਈ ਕੰਨੀ ਕੁੰਜ ਕੇ ਲੰਘਿਆ ਕਰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵੀ ਇਹ ਇੱਛਿਆ ਸੀ ਕਿ ਦੋਹਾਂ ਨਾਨਕ-ਨਾਮ ਲੇਵਾ ਸੰਪਰਦਾਵਾਂ ਵਿੱਚ, ਇਹ ਸੰਬੰਧ ਪ੍ਰਗਾਢ ਰੂਪ ਧਾਰਨ ਕਰਨ। ਇਸ ਲਈ ਉਹ ਆਪਣੇ ਇੱਕ ਸਿੰਘ ਨੂੰ ਇੱਥੋਂ ਦਾ ਮਹੰਤ ਵੇਖਣ ਦੇ ਚਾਹਵਾਨ ਸਨ ਜੋ ਇੱਛਾ ਉਸ ਸਿੰਘ ਦੀ ਵਿਯੋਗੀ ਬਿਰਤੀ ਕਾਰਨ ਪੂਰੀ ਨਾ ਹੋਈ। ਸਤਿਗੁਰੂ ਬਿਲਾਸ ਭਾਗ ਪਹਿਲਾ ਵਿੱਚ ਭਾਈ ਸੰਤੋਖ ਸਿੰਘ ਬਾਹੋਵਾਲ ਇਹ ਜਾਣਕਾਰੀ ਦਰਜ ਕਰਦੇ ਹਨ-

"ਸੰਮਤ ੧੯੧੯ (੧੮੬੨-੬੩ ਈ.) ਵਿਖੇ ਰਾਈਆਂ ਕਾ ਮਹੰਤ ਨਿਹਾਲ ਦਾਸ ਸੀ। ਉਸਕੇ ਚੇਲੇ ਭਗਤ ਰਾਮ ਨੇ ਭਜਨ ਲੀਤਾ। ਸਾਧੂ ਸਿੰਘ ਸਜਿਆ। ਕਛਹਿਰੇ ਪਾਏ ਲੀਤੇ, ਅੰਮ੍ਰਿਤ ਛਕਿਆ। ਮਹੰਤ ਨੇ ਕਹਾ ਤੂੰ ਕੂਕਾ ਹੋ ਗਿਆ ਹੈ, ਕਲਾਮ ਸੁਣ ਲਈ ਹੈ। ਸਾਡੇ ਕੰਮ ਦਾ ਤੂੰ ਨਾ ਰਿਹਾ। ਸਾਧੂ ਸਿੰਘ ਨੇ ਪਿੰਡੋਂ ਬਾਹਰ ਡੇਰਾ ਪਾਇ ਲਿਆ ਤੇ ਮੁੰਡੇ ਪੜ੍ਹਾਉਣ ਲੱਗ ਪਿਆ। ਪਹਿਲਾ ਨਾਮ ਭਗਤ ਰਾਮ ਸੀ। ਲੱਗਾ ਭਗਤੀ ਕਰਨੇ। ਜਾਂ ਨਿਹਾਲ ਦਾਸ ਨੇ ਵੇਖਿਆ ਕਿ ਚੰਗਾ ਨੇਕ ਚਲਣ ਹੈ ਕਿਉਂ ਨਾ ਏਸ ਦਾ ਨਾਉਂ ਜ਼ਮੀਨ ਕਰਵਾਇ ਦੇਵਾਂ। ਨਿਹਾਲ ਦਾਸ ਨੇ ਕਿਹਾ ਕਿ ਤੂੰ ਕਛਹਿਰੇ ਭੀ ਰੱਖ ਤੇ ਕੇਸ ਭੀ ਰੱਖ। ਸਾਡਾ ਡੇਰਾ ਸਾਂਭ। ਸਾਧੂ ਸਿੰਘ ਨੇ ਉਸਦਾ ਕਹਾ ਨਾ ਮੰਨਿਆ ਤਾਂ ਨਿਹਾਲ ਦਾਸ ਸ੍ਰੀ ਸਤਿਗੁਰੂ ਜੀ ਪਾਸ ਆਇਆ। ਅਰਜ਼ ਕੀਤੀ ਜੀ ਸਾਧੂ ਸਿੰਘ ਦੇ ਨਾਮ ਮੈ ਸਾਰਾ ਡੇਰਾ ਤੇ ਜ਼ਮੀਨ ਲੁਵਾਇ ਦਿੰਦਾ ਹਾਂ, ਸਾਰਾ ਡੇਰਾ ਸਾਂਭੇ। ਸਤਿਗੁਰੂ ਜੀ ਬਚਨ ਕੀਤਾ,"ਸਾਧੂ ਸਿੰਘ ਕਰਵਾਇ ਲੈ ਡੇਰਾ ਆਪਣੇ ਨਾਉਂ। ਨਿਹਾਲ ਦਾਸ ਦੀ ਇਹ ਮਨਸ਼ਾ ਹੈ ਜਿਵੇਂ ਮਹੰਤੀ ਲਾਵੇ ਤਿਵੇਂ ਦੇਣੀ ਹੈ। ਏਧਾ ਬਚਨ ਮੰਨ ਲੈ। ਮਹੰਤੀ ਹੱਥੀ ਦੇਂਦਾ ਹੈ ਤੂੰ ਲੈ ਲੈ।" ਅੱਗੋਂ ਸਾਧੂ ਸਿੰਘ ਬੋਲਿਆ,"ਮੈਂ ਕਾਹਨੂੰ ਬੇ-ਸਿਦਕ ਹੋ ਕੇ ਮਰਾਂ ? ਬੇ-ਸਿਦਕ ਕਰਕੇ ਮਾਰਦੇ ਹੋ? ਜਾਂ ਬਚਨ ਮੰਨਿਆ ਤਾਂ ਬਚਨ ਕੀਤਾ।" ਜਾ ਪੈ ਖੂਹ ਵਿੱਚ ਨਹੀ ਲੈਂਦਾ ਤਾਂ। ਤੈਨੂੰ ਆਪਣੀ ਹੱਥੀ ਦੇਂਦਾ ਸੀ ਨਿਹਾਲ ਦਾਸ ਮਹੰਤੀ। "ਅੰਤ ਕੋ ਸਾਧੂ ਸਿੰਘ ਖੂਹ ਵਿੱਚ ਪੈ ਕੇ ਮਰਿਆ ਸੀ।"...(ਸਫ਼ਾ ੨੧੭)

ਇਸੇ ਰਾਈਆਂ ਵਾਲੇ ਡੇਰੇ ਦੇ ਖੂਹ ਵਿਚੋਂ ਅੰਗਰੇਜ਼ ਸਰਕਾਰ ਨੇ ਗੁਰੂ

ਹਰੀ ਸਿੰਘ ਜੀ ਦੇ ਵੇਲੇ ਤੋਪਾਂ ਦੇ ਕੁਝ ਗੋਲੇ ਬਰਾਮਦ ਕੀਤੇ ਸਨ। ਕੂਕਿਆਂ ਦੇ ਵਿਰੋਧੀ ਮੁਖਬਰਾਂ ਨੇ ਝੱਖ ਮਾਰੀ ਸੀ ਕਿ ਕੂਕੇ ਅਜੇ ਵੀ ਅਸਲਾ ਬਾਰੂਦ ਇਕੱਠਾ ਕਰਕੇ ਸਰਕਾਰ ਲਈ ਕੋਈ ਨਵੀਂ ਸਿਰਦਰਦੀ ਸ਼ੁਰੂ ਕਰਨ ਜਾ ਰਹੇ ਹਨ। ਇਕ ਖੂਹ ਵਿਚੋਂ ਤੋਪਾਂ ਦੇ ਕੁਝ ਗੋਲੇ ਬਰਾਮਦ ਹੋਏ ਪਰ ਉਸ ਵੇਲੇ ਮਹੰਤ ਨੇ ਸਰਕਾਰ ਪਾਸ ਸੱਚ ਬੋਲਿਆ ਕਿ ਇਹ ਗੋਲੇ ਕੂਕਿਆਂ ਦੁਆਰਾ ਨਹੀਂ ਸੁੱਟੇ ਗਏ। ਸਗੋਂ ਇਕ ਵੇਰਾਂ ਬਾਬਾ ਸਾਹਿਬ ਸਿੰਘ ਬੇਦੀ ਵੀ ਮਲੇਰ ਕੋਟਲੇ ਦੇ ਕੁਝ ਗਊਘਾਤੀ ਬੁੱਚੜਾਂ ਨੂੰ ਸੋਧਣ ਲਈ ਉੱਥੇ ਗਏ ਸਨ। ਜ਼ਾਲਮਾਂ ਨੂੰ ਸਜ਼ਾ ਦੇਣ ਬਾਅਦ ਵਾਪਸ ਮੁੜਦਿਆਂ ਇਹ ਗੋਲੇ ਇਸ ਡੇਰੇ ਦੇ ਖੂਹ ਵਿੱਚ ਸੁਟਵਾ ਦਿੱਤੇ ਸਨ। ਜਿੱਥੋਂ ਮਲੂਮ ਹੁੰਦਾ ਹੈ ਕਿ ਇਸ ਡੇਰੇ ਦੇ ਸੰਬੰਧ ਪੁਰਾਤਨ ਸਮੇਂ ਤੋਂ ਹੀ ਜ਼ਿੰਮੇਵਾਰ ਪੰਥ-ਪ੍ਰਤੀਨਿਧਾਂ ਨਾਲ ਸੁਖਾਵੇਂ ਰਹੇ ਸਨ। ਅਤੇ ਹੁਣ ਸ੍ਰੀ ਸਤਿਗੁਰੂ ਜੀ ਦਾ ਫੁਰਨਾ ਸਾਧੂ ਸਿੰਘ ਦੀ ਮਾਰਫਤ ਇਸ ਡੇਰੇ ਨੂੰ ਵੀ ਆਪਣੀਆਂ ਪੰਥਕ ਤੇ ਰਾਜਨੀਤਕ ਸਰਗਰਮੀਆਂ ਵਿੱਚ ਸ਼ਾਮਲ ਕਰਨਾ ਸੀ। ਪ੍ਰੰਤੂ ਸਾਧੂ ਸਿੰਘ ਆਪਣੇ ਸੁਭਾਉ ਮੁਤਾਬਕ ਇਸ ਜ਼ਿੰਮੇਵਾਰੀ ਤੋਂ ਟਾਲਾ ਵੱਟਦਾ ਰਿਹਾ। ਬਾਅਦ ਵਿੱਚ ਉਸ ਦੇ ਖੂਹ ਵਿੱਚ ਡੁੱਬ ਕੇ ਮਰ ਜਾਣ ਬਾਰੇ ਸੁਣਕੇ ਸਤਿਗੁਰੂ ਜੀ ਨੇ ਪਰਦੇਸ ਤੋਂ ਭੇਜੇ ਇਕ ਹੁਕਮਨਾਮੇ ਵਿੱਚ, ਜਿਸ ਦਾ ਤਰਜਮਾ ਸਰਕਾਰੀ ਰਿਕਾਰਡ ਵਿੱਚ ਅੰਗਰੇਜ਼ੀ ਵਿੱਚ ਹੋਇਆ ਮਿਲਦਾ ਹੈ, ਸਤਿਗੁਰੂ ਜੀ ਨੇ ਇਹ ਪੁੱਛ ਕੀਤੀ ਹੈ ਕਿ ਸਾਧੂ ਸਿੰਘ ਆਪ ਖੂਹ ਵਿੱਚ ਕੁੱਦਿਆ ਜਾਂ ਉਸ ਦੇ ਮਰਨ ਬਾਅਦ ਸਾਧਾਂ ਨੇ ਉਸਨੂੰ ਖੂਹ ਵਿੱਚ ਸੁੱਟ ਦਿਤਾ ਸੀ। ਦਰਅਸਲ ਉਪਰੋਕਤ ਪੱਥਰ ਦੇ, ਤੋਪ ਦੇ ਗੋਲਿਆਂ ਬਾਰੇ, ਪੜਤਾਲ ਦੀ ਘਟਨਾ ੧੮੭੮ ਈ. ਦੀ ਹੈ ਤੇ ਸ਼ਾਇਦ ਇਸੇ ਦਬਾਉ ਤਹਿਤ ਭਾਈ ਸਾਧੂ ਸਿੰਘ ਨੇ ਖੂਹ ਵਿੱਚ ਛਾਲ ਮਾਰੀ ਸੀ। ਸਤਿਗੁਰੂ ਜੀ ਨੇ ਇਸ ਘਟਨਾ ਨੂੰ ਬੜੀ ਗੰਭੀਰਤਾ ਨਾਲ ਲਿਆ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਆਪ ਦੇ ਗੁਰਤਾ ਕਾਲ ਦੇ ਤਕਰੀਬਨ ਪਹਿਲੇ ਅੱਧ ਵਿੱਚ "ਰਾਈਆਂ ਦਾ ਮੁਕੱਦਮਾ" ਕਾਫੀ ਚਰਚਿਤ ਰਿਹਾ ਸੀ ਜਿਸ ਵਿੱਚ ਨਾਮਧਾਰੀ ਪੰਥ ਸਤਿਗੁਰੂ ਜੀ ਦੀ ਮਾਤਾ—ਮਾਤਾ ਜੀਵਨ ਕੌਰ ਅਤੇ ਡੇਰੇ ਦੇ ਤਤਕਾਲੀ ਮੁਖਤਿਆਰਾਂ ਦੀ ਵਜ੍ਹਾ ਕਾਰਨ ਉਲਝ ਗਿਆ ਸੀ। ਇਹ ਮੁਕੱਦਮਾ ਘੱਟੋ-ਘੱਟ ਦਸ ਸਾਲਾਂ ਤੱਕ ਚਲਦਾ ਰਿਹਾ ਸੀ ਜਿਸ ਕਾਰਨ ਰਾਈਆਂ ਡੇਰੇ ਵਾਲੇ ਸਾਧਾਂ ਅਤੇ ਉਹਨਾਂ ਦੇ ਹਮਾਇਤੀਆਂ ਅਤੇ ਡੇਰਾ ਸ੍ਰੀ ਭੈਣੀ ਸਾਹਿਬ ਦੀ ਨਾਮਧਾਰੀ ਸੰਗਤ ਦਰਮਿਆਨ ਕਈ ਵੇਰ ਖੂਨੀ

ਟੱਕਰਾਂ ਹੋਈਆਂ। ਕਈ ਦੀਵਾਨੀ ਅਤੇ ਫੌਜਦਾਰੀ ਮੁਕੱਦਮੇ ਵੀ ਬਣੇ। ਮਾਂਗਟ ਸਾਹਿਬ ਦਾ ਭੈਣੀ ਸਾਹਿਬ ਆਉਣ ਦਾ ਸਬੱਬ ਵੀ ਇਹੋ ਮੁਕਦਮਾ ਬਣਿਆ ਜਿਸ ਕਾਰਨ ਓਹਨਾਂ ਦਾ ਸਕਾ ਤਾਇਆ ਵੀਰ ਸਿੰਘ ਜਹਾਨ ਜਾਂ ਵੀਰਮ ਦਾਸ ਕੂਕਿਆਂ ਵਲੋਂ ਇਸ ਮੁਕੱਦਮੇ ਵਿੱਚ ਸਾਧਾਂ ਦੇ ਮੁਕਾਬਲੇ ਬਰਾਬਰ ਦੀ ਦੂਜੀ ਧਿਰ ਬਣਕੇ ਨਿਤਰਿਆ ਸੀ। ਉਦਾਸੀ ਸਾਧਾਂ ਦੇ ਇਹ ਡੇਰੇਦਾਰ ਪਹਿਲਾਂ ਸ਼ਾਦੀ ਸ਼ੁਦਾ ਨਹੀਂ ਹੁੰਦੇ ਸਨ ਅਤੇ ਵੀਰ ਸਿੰਘ ਵੀ ਬਿਹੰਗਮ ਹੀ ਸਨ। ਸੰਤ ਤਰਨ ਸਿੰਘ ਵਹਿਮੀ ਕ੍ਰਿਤ ਪੁਸਤਕ 'ਜੱਸ-ਜੀਵਨ' ਭਾਗ ਦੂਜਾ ਵਿਚੋਂ ਇਸ ਮੁਕਦਮੇ ਬਾਰੇ ਕੁਝ ਜਾਣਕਾਰੀ ਉਪਲਬਧ ਹੁੰਦੀ ਹੈ।

"ਭੈਣੀ ਸਾਹਿਬੋਂ ਕਈ ਪੈਲੀਆਂ ਲਹਿੰਦੇ ਰਾਈਆਂ ਜਿੱਥੇ ਬਾਬੇ ਜੱਸੇ ਦਾ ਮੁੱਢਲਾ ਘਰ ਸੀ ਉੱਥੇ ਉਦਾਸੀਆਂ ਦੇ ਡੇਰੇ ਨਾਂ ਜ਼ਮੀਨ ਹਜ਼ਾਰ ਵਿਘੇ (ਕੱਚੇ) ਤੋਂ ਭੀ ਬਹੁਤੀ ਸੀ। ਧਰਮ ਦਾਸ ਡੇਰੇਦਾਰ ਦੇ ਕਈ ਚੇਲੇ ਉਸ ਡੇਰੇ ਤੇ ਜ਼ਮੀਨ ਸੰਭਾਲ-ਸੇਵਾ ਕਰਦੇ ਸਨ। ਉਹ ਧਰਮ ਦਾਸ ਮਾਤਾ ਜਿਊਣ ਕੌਰ ਜੀ ਦਾ ਭੀ ਸ਼ਰਧਾਲੂ ਤੇ ਜਾਣੂ ਸੀ। ਇਕ ਰਾਮਪੁਰ ਦਾ ਜੋ ਭੈਣੀ ਸਾਹਿਬ ਦੇ ਨੇੜੇ ਹੈ, ਵੀਰਮ ਦਾਸ ਭੀ ਧਰਮ ਦਾਸ ਦਾ ਚੇਲਾ ਸੀ ਜੋ ਫਿਰ ਸਿਖ ਸਜ ਵਰਿਆਮ (ਨਹੀਂ ਵੀਰ) ਸਿੰਘ ਬਣ ਗਿਆ, ਉਸ ਤੇ ਭੀ ਧਰਮ ਦਾਸ ਹੋਰ ਚੇਲਿਆਂ ਮੋਤੀ ਦਾਸ, ਅਰਜਨ ਦਾਸ ਤੇ ਗੁਪਾਲ ਦਾਸ ਤੋਂ ਰਿਦਿਉਂ ਰਾਜੀ ਸੀ। ਕਿਉਂਕਿ ਦੂਜੇ ਸ਼ਰਾਬੀ ਕਬਾਬੀ ਤੇ ਵੈਲੀ ਹੋ ਗਏ ਹੋਏ ਸੀ। ਧਰਮ ਦਾਸ ਮਾਤਾ ਜੀ ਨੂੰ ਕਹਿੰਦਾ ਵੀਰ ਸਿੰਘ ਹੀ ਵੀਰਮਦਾਸ ਬਣਾ ਡੇਰੇ ਤੇ ਤੁਸੀਂ ਕਾਬਜ ਹੋਵੇ। ਮਾਤਾ ਜੀ ਮਹਾਰਾਜ ਨਿਹਾਲ ਸਿੰਘ ਜੀ ਨਾਲ ਸਲਾਹ ਕੀਤੀ ਤੇ ਕੁਝ ਮੁਖਤਾਰਾਂ ਭੀ ਇਹੋ ਸਲਾਹ ਦਿਤੀ। ਸਿੱਖ ਮਾਤਾ ਜੀ ਰਾਈਆਂ ਦੇ ਡੇਰੇ ਫੇਰਾ ਮਾਰਨ ਤੇ ਖੇਤ ਫਸਲ ਸੰਭਾਲਣ ਤੇ ਲਾਏ। ਦੂਜੇ ਚੇਲਿਆਂ ਸੁੱਖੂ ਤੇ ਘੁਮੰਡੇ ਦੇ ਨਾਲ ਰੀਢ ਮੁਕਦਮਾ ਅਰੰਭਿਆ। ਮਾਤਾ ਜੀ, ਦੁਸੰਧੀ ਭੈਣੀ ਸਾਹਿਬ ਦਾ ਹੀ, ਮੁਖਤਿਆਰ ਮੁਕਦਮੇ ਦਾ ਬਣਾਇਆ। ਉਹ ਮਨ ਮਰਜ਼ੀ ਦੀ ਰਕਮ ਮੰਗ ਜੰਗ ਢੰਗ ਨਾਲ ਨਿਜੀ ਸ਼ਰੀਕੇ ਦੀ ਲੜਦਾ ਸੀ। ਸਤਿਗੁਰੂ ਜੀ ਇਸ ਲਬ ਤੇ ਦੁਬਿਧਾ ਵਿੱਚ ਪੈਣ ਤੋਂ ਰੋਕ ਰਹੇ ਸੀ, ਪਰ ਆਪ ਰਹਿੰਦੇ ਆਮ ਬੀੜ ਵਿੱਚ ਤੇ ਸਾਧ ਸੰਗਤ ਦੇ ਵਾਸ ਵਿੱਚ ਬਹੁਤਾ ਸੀ, ਕਦੀ ਖਾਸ ਲੋੜ ਮੇਲੇ ਨੂੰ ਕੁਝ ਦਿਨ ਭੈਣੀ ਸਾਹਿਬ ਟਿਕਦੇ ਸੀ।"....(ਸਫ਼ਾ ੮੪)

ਇਹ ਮੁਕਦਮਾ ਅਮੂਮਨ ੧੯੨੩ ਈ. ਵਿੱਚ ਸ਼ੁਰੂ ਹੋਇਆ ਸੀ। ਇਸ ਮੁਕਦਮੇ ਵਿੱਚ ਨਾਮਧਾਰੀ ਵਿਰੋਧੀ ਧਿਰ ਦਾ ਮੁਖੀ ਸਾਧ ਮੋਤੀ ਦਾਸ

ਬਹੁਤ ਚਾਂਬਲਿਆ ਸੀ। ਕੁਝ ਸਰਕਾਰੇ ਦਰਬਾਰੇ ਕੂਕਿਆਂ ਦੇ ਵਿਰੋਧੀਆਂ ਦਾ ਲਿਹਾਜ ਹੋ ਜਾਂਦਾ ਸੀ। ਉਹ ਐਨਾ ਵਧਿਆ ਸੀ ਕਿ ਡੇਰੇ ਭੈਣੀ ਸਾਹਿਬ ਦੀ ਡਿਉੜੀ ਦੇ ਸਾਹਮਣੇ ਆ ਕੇ ਮਾਤਾ ਜੀਵਨ ਕੌਰ ਜੀ ਦੇ ਵਿਰੁੱਧ ਵੀ ਦੁਰਵਾਕ ਬੋਲ ਜਾਂਦਾ ਸੀ। ਉਦੋਂ ਹੀ ਉਸਨੂੰ ਲੇਖਕ ਦੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਨੇ ਵੰਗਾਰਿਆ ਸੀ ਪਿੰਡ ਦੇ ਇਕ ਲਾਗੀ ਰਾਹੀ ਸੁਨੇਹਾ ਭੇਜਕੇ, ਜਦੋਂ ਨਹਿਰ ਦੇ ਡੇਰੇ ਤੋਂ ਇੱਥੇ ਆਇਆ, ਉਹਨਾਂ ਸਾਧ ਦੀ ਦਿਲ ਵਧੀ ਬਾਰੇ ਸੁਣਿਆ."ਸਾਧਾਂ ਪਿੱਛੇ ਜੋ ਹੋ ਗਿਆ ਸੋ ਹੋ ਗਿਆ ਹੈ। ਹੁਣ ਮਾਈ ਦੇ ਪੁੱਤਰ-ਪੋਤਰੇ ਗੱਭਰੂ ਹੋ ਗਏ ਹਨ। ਹੁਣ ਆ ਤੇ ਉਸ ਤਰ੍ਹਾਂ ਬੋਲੀਂ, ਜੇ ਤੈਨੂੰ ਸੁੱਕਾ ਜਾਣ ਦਿਤਾ ਤਾਂ ਸਾਨੂੰ ਕੋਈ ਮਾਂ ਨਹੀਂ ਸਮਝੀ ਕੁੱਤੀ ਚੁੱਕੀ ਫਿਰਦੀ ਸੀ। " ਮੋਤੀ ਦਾਸ ਬਹੁਤ ਵੱਧ ਚੁੱਕਾ ਸੀ ਪਰ ਦੇਵਨੇਤ ਨਾਲ ਝੱਬਰ ਹੋਰਾਂ ਨਾਲ ਉਸ ਦਾ ਪੇਚਾ ਪੈਣ ਤੋਂ ਪਹਿਲਾਂ ਹੀ ਬੇਗੋਵਾਲ ਦੇ ਮੇਲੇ ਵਿੱਚ ਦਾਰੂ ਪੀ ਕੇ ਖਰੂਦ ਕਰਦੇ ਦਾ, ਇੱਕ ਗੱਭਰੂ ਦੀ ਛਵੀ ਨੇ ਸਿਰ ਧੜ ਤੋਂ ਅਲੱਗ ਕਰ ਦਿਤਾ।

ਹੁਣ ਧਰਮ ਦਾਸ ਦਾ ਦੂਜਾ ਚੇਲਾ ਗੋਪਾਲ ਦਾਸ ਡੇਰੇ ਦਾ ਮਹੰਤ ਬਣ ਕੇ ਮੁਕੱਦਮਾ ਲੜਨ ਲੱਗਾ। ਇਹ ਮੋਤੀ ਦਾਸ ਜਿੰਨਾਂ ਅੱਖੜ ਨਹੀਂ ਸੀ। ਲੰਮੀ ਮੁਕਦਮੇ ਬਾਜੀ ਤੋਂ ਪਰੇਸ਼ਾਨ ਹੋ ਕੇ ਇਸਨੇ ਜਥੇਦਾਰ ਗੁਰਮੁਖ ਸਿੰਘ ਝੱਬਰ ਦੀ ਤਜ਼ਵੀਜ਼ ਮੰਨ ਕੇ ਇਕ ਦਿਨ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਪਰਤਾਪ ਸਿਘ ਜੀ ਦੀ ਸੇਵਾ ਵਿੱਚ ਡੇਰੇ ਦੀਆਂ ਕੁੰਜੀਆਂ ਮੱਥਾ ਟੇਕ ਕੇ ਕਿਹਾ, "ਜੀ ਸਭ ਕੁਝ ਤੁਹਾਡਾ ਹੈ—ਸਾਂਭ ਲਵੋ" ਹੁਣ ਸਤਿਗੁਰੂ ਜੀ ਦੀ ਵਾਰੀ ਸੀ। ਉਹਨਾਂ ਨੇ ਨਾਂ ਸਿਰਫ ਡੇਰੇ ਦੀਆਂ ਕੁੰਜੀਆਂ ਹੀ ਗੋਪਾਲ ਦਾਸ ਨੂੰ ਵਾਪਸ ਕਰ ਦਿੱਤੀਆਂ ਸਗੋਂ ਦੁਧਾਰੂ ਪਸ਼ੂ, ਵਧੀਆ ਘੋੜੀ, ਬੈਲਾਂ ਸਮੇਤ, ਖਾਧ ਸਮੱਗਰੀ ਦਾ ਭਰਿਆ ਗੱਡਾ ਵੀ ਮਹੰਤ ਹੋਰਾਂ ਨੂੰ ਬਖਸ਼ ਕੇ ਇਸ ਦੁਖਦਾਈ ਅਧਿਆਇ ਨੂੰ ਬੜੇ ਸੁਚੱਜੇ ਢੰਗ ਨਾਲ ਸਮਾਪਤ ਕਰ ਦਿਤਾ। ਇਹ ਮਹੰਤ ਵੀਰ ਸਿੰਘ ਜਹਾਨ ਉਰਫ ਵੀਰਮ ਦਾਸ ਪਹਿਲਾਂ ਜਿਉਂ ਆਪਣੇ ਡੇਰੇ ਵਿੱਚ ਤਬੇਲੇ ਵਿੱਚ ਹੀ ਰਹਿੰਦੇ ਸਨ ਜਦੋਂ ਗੁਰਦੇਵ ਸਿੰਘ ਘਰੋਂ ਖਾਧ ਖੁਰਾਕ ਆਪਣੇ ਤਾਏ ਨੂੰ ਦੇਣ ਇਹਨਾਂ ਪਾਸ ਆਇਆ ਕਰਦਾ ਸੀ ਅਤੇ ਇਸ ਤਰ੍ਹਾਂ ਹੀ ਤਾਏ ਦੀ ਕਿਰਪਾ ਨਾਲ ਮੈਟਰਿਕ ਪਾਸ ਕਰਨ ਬਾਅਦ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਸ੍ਰੀ ਭੈਣੀ ਸਾਹਿਬ ਹਾਜਰ ਹੋ ਗਿਆ ਸੀ।

ਸੰਤ ਗੁਰਦੇਵ ਸਿੰਘ ਹੋਰੀਂ ਜਿਹਨਾਂ ਵਡੇਰੀਆਂ ਜ਼ਿੰਮੇਵਾਰੀਆਂ ਤੇ

ਰਹੇ, ਉਹਨਾਂ ਦੀ ਮਹੱਤਤਾ ਨੂੰ ਸਮਝਦੇ ਹੋਏ, ਉਹ ਰੋਜ਼ਾਨਾ ਡਾਇਰੀ ਲਿਖਣ ਦਾ ਕੰਮ ਵੀ ਕਰਦੇ ਸਨ। ਪਤਾ ਲੱਗਾ ਹੈ ਕਿ ਉਹ ਡਾਇਰੀਆਂ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਹੋਰਾਂ ਰਾਹੀਂ ਗੁਰੂ-ਦਰਬਾਰ ਵਿੱਚ ਪਹੁੰਚ ਚੁੱਕੀਆਂ ਹਨ। ਨਾਮਧਾਰੀ ਇਤਿਹਾਸ ਸਾਹਿਤ ਅਤੇ ਸੱਭਿਆਚਾਰ ਨਾਲ ਸੰਬੰਧਿਤ ਇਕ ਅਜਾਇਬ-ਘਰ (ਮਿਊਜ਼ਿਅਮ) ਸ੍ਰੀ ਭੈਣੀ ਸਾਹਿਬ ਵਿਖੇ ਸਥਾਪਿਤ ਹੋਣਾ ਚਾਹੀਦਾ ਹੈ ਜਿਸ ਵਿੱਚ ਗੁਰਦੇਵ ਸਿੰਘ ਜੀ ਅਤੇ ਹੋਰਨਾਂ ਹਜ਼ੂਰੀ ਸੇਵਕਾਂ ਦੀਆਂ ਉਪਲਬਧ ਡਾਇਰੀਆਂ ਅਤੇ ਹੋਰ ਸੰਬੰਧਿਤ ਸਮੱਗਰੀ ਪਰਦਰਸ਼ਿਤ ਹੋਣੀ ਚਾਹੀਦੀ ਹੈ ਜਿਸ ਤੋਂ ਭਾਵੀ ਇਤਿਹਾਸ ਲੇਖਕ ਅਤੇ ਆਮ ਦਰਸ਼ਕ ਪਾਠਕ ਵੀ ਲਾਭਵੰਤ ਹੋ ਸਕਣ।

ਸੰਤ ਜੀ ਦੀ ਰਚਨਾ ਦਾ ਸੰਖੇਪਤਾ ਇਕ ਮੀਰੀ ਗੁਣ ਹੈ। ਜਿਸ ਤਰ੍ਹਾਂ ਕਵੀ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਦੇ ੧੦੫ ਬੰਦਾਂ ਦਾ ੪੨੦ ਤੁਕਾਂ ਵਿੱਚ ਹੀ ਸਿੱਖ ਰਾਜ ਦੀ ਅਧੋਗਤੀ ਨਾਲ ਸਬੰਧਿਤ ਦਸ ਸਾਲਾਂ ਦਾ ਮਾਰਮਿਕ ਚਿਤਰਣ ਕੀਤਾ ਹੈ ਇਵੇਂ ਹੀ ਮਾਂਗਟ ਸਾਹਿਬ ਦੀ ਇਸ ਲਿਖਤ ਵਿਚੋਂ, ੧੯੩੪ ਤੋਂ ਲੈ ਕੇ ੧੯੬੬ ਈ. ਤੱਕ ਤਾ ੩੨ ਸਾਲਾਂ ਦਾ ਨਾਮਧਾਰੀ ਇਤਿਹਾਸ ਇਕ ਵਿਲੱਖਣ ਅੰਦਾਜ਼ ਵਿੱਚ ਵਿਅਕਤ ਹੁੰਦਾ ਹੈ। ਇਸ ਵਿੱਚ ਭੈਣੀ ਸਾਹਿਬ ਦੇ ਵਿਦਿਆਲੇ ਵਿੱਚ ਗੁਰਦੇਵ ਸਿੰਘ ਹੋਰਾਂ ਨੇ ਅੰਗਰੇਜ਼ੀ ਅਤੇ ਹਿਸਾਬ ਪੜ੍ਹਾ ਕੇ ਅਧਿਆਪਨ ਕਾਰਜ ਵੀ ਕੀਤਾ। ਸ੍ਰੀ ਭੈਣੀ ਸਾਹਿਬ ਦੀ ਡਾਕ ਅਤੇ ਖਜ਼ਾਨੇ ਦੀ ਸੇਵਾ ਲਈ ਗੁਰੂ ਕੇ ਖਜ਼ਾਨਚੀ ਅਤੇ ਲੇਖਾਕਾਰ ਮਾਸਟਰ ਬਲਵੰਤ ਸਿੰਘ ਜੀ (ਬੁੰਡਾਲਾ-ਅੰਮ੍ਰਿਤਸਰ) ਦਾ ਹੱਥ ਵੀ ਵਟਾਇਆ। ਉਹ ੧੯੩੪ ਈ. ਦੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਪ੍ਰਿਥਮ ਸਿਆਮ ਫੇਰੀ ਦਾ ਵੀ ਵਰਣਨ ਕਰਦੇ ਹਨ ਅਤੇ ਇਸੇ ਸਾਲ ਸ੍ਰੀ ਭੈਣੀ ਸਾਹਿਬ ਵਿੱਚ ਹੋਈ "ਸ੍ਰੀ ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਇ" ਕਾਨਫਰੰਸ ਦਾ ਵੀ। ੧੯੩੪ ਈ. ਤੋਂ ਹੀ ਦਿੱਲੀ ਵਾਲੇ ਮਿਸਤਰੀ ਰੀਡਾ ਸਿੰਘ ਜੀ (ਬਾਅਦ ਵਿੱਚ ਸੂਬੇ ਥਾਪੇ ਗਏ-ਪਹਿਲਾਂ ਗੁਜਰਾਵਾਲੇ ਰਹਿੰਦੇ ਸਨ) ਦੀ ਸ਼ਗਿਰਦੀ ਮਕੈਨਕੀ ਅਤੇ ਹੋਰ ਸਬੰਧਿਤ ਗੁਣ ਸਿੱਖਣ ਲਈ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਧਾਰਨ ਕੀਤੀ। ਡਰਾਇਵਰੀ ਵੱਡੇ ਛੋਟੇ ਵਾਹਨਾਂ ਦੀ ਸਿਖੀ, ਮੁਰੰਮਤ ਵੀ। ਹਾਵਈ ਜਹਾਜ਼ ਉਡਾਉਣ ਦੀ ਸਿਖਲਾਈ ਮਹਾਰਾਜ ਬੀਰ ਸਿੰਘ ਜੀ ਨਾਲ ਰਲਕੇ ਪ੍ਰਾਪਤ ਕੀਤੀ। ਬਿਜਲੀ ਦਾ ਕੰਮ ਵੀ ਹੁਕਮ ਮੰਨ ਕੇ ਸਿੱਖਿਆ। ਇਕ ਵਿਅਕਤੀ ਏਨੇ ਗੁਣਾਂ ਦਾ ਮੁਜਸੱਮਾ, ਦੋ ਸਤਿਗੁਰੂ ਸਾਹਿਬਾਨ ਦੀ ਅਤਿ

ਨਿਕਟਤਾ ਮਾਨਣ ਵਾਲਾ ਹੋਵੇ ਅਤੇ ਗੁਰੂ-ਪਰਿਵਾਰ ਨਾਲ ਬੜੀ ਨੇੜੇ ਦੀ ਰਿਸ਼ਤੇਦਾਰੀ ਵੀ ਹੋਵੇ—ਫੇਰ ਵੀ ਉਹ ਤੁਹਾਨੂੰ ਮਿਲਣ ਸਮੇਂ ਆਪਣੇ ਤੋਂ ਅੱਧੀ ਉਮਰ ਵਾਲਿਆਂ ਦੇ ਵੀ ਚਰਨਾਂ ਤੇ ਝੁਕਣ ਦਾ ਚਾਰਾ ਕਰ ਰਿਹਾ ਹੋਵੇ, ਐਸੇ ਸਾਊ ਸੱਜਣ ਨੂੰ ਹੀ ਸੰਤ ਗੁਰਦੇਵ ਸਿੰਘ ਮਾਂਗਟ ਜਾਂ ਰਾਮਪੁਰੀ ਕਹਿ ਕੇ ਯਾਦ ਕੀਤਾ ਜਾਂਦਾ ਹੈ। ਰਾਮਪੁਰ ਦਾ ਪੰਜਾਬੀ ਸਾਹਿਤ ਵਿੱਚ ਬਹੁਤ ਉੱਚਾ ਰੁਤਬਾ ਹੈ, ਗੁਰਦੇਵ ਸਿੰਘ ਅਪਾਰ ਤੇ ਅਥਾਹ ਜ਼ਿੰਮੇਵਾਰੀਆਂ ਸਦਕਾ ਯਥਾਰਥ ਦੀ ਧਰਾਤਲ ਤੋਂ ਉਪਰ ਉਠ ਕੇ, ਆਪਣੇ ਹੋਰ ਗਰਾਈਆਂ ਜਿਉ ਕਾਵਿ-ਗਗਨ ਵਿੱਚ ਤੇ ਉਡਾਰੀਆਂ ਨਹੀਂ ਲਾ ਸੱਕਿਆ ਪਰ ਉਸਨੇ ਆਪਣੇ ਸਾਊ ਸਾਦਾ ਨਿਰਇਛਤ ਸੁਭਾਵ ਸਦਕਾ ਸਾਦੇ ਸ਼ਬਦਾਂ ਵਿੱਚ ਸਰਲ ਪੰਜਾਬੀ ਵਾਰਤਕ ਵਿੱਚ ਹੋਈਆਂ ਬੀਤੀਆਂ ਲਿਖਣ ਦਾ ਪੁੰਨ ਲਾਹਾ ਜਰੂਰ ਖੱਟਿਆ ਹੈ ਤੇ ਇਉਂ ਉਹ ਪੰਜਾਬੀ ਲੇਖਕਾਂ ਦੀ ਪਾਲ ਵਿੱਚ ਖਲੋਤਾ ਜ਼ਰੂਰ ਨਜ਼ਰ ਆਏਗਾ, ਆਪਣੇ ਵੱਖਰੇ ਹੀ ਰੰਗ ਵਿੱਚ।

ਇਲਾਕਾ ਜੀਵਨ ਨਗਰ ਵਿੱਚ ਨਾਮਧਾਰੀ ਕਿਸਾਨਾਂ ਲਈ ਭੂਮੀ ਖਰੀਦਣੀ, ਇਸ ਨਾਲ ਸੰਬੰਧਿਤ ਹੋਰ ਮਸਲੇ ਅਤੇ ੧੯੪੭ ਈ. ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਪਾਕਿਸਤਾਨ ਵਿੱਚੋਂ ਨਾਮਧਾਰੀ ਸੰਗਤ ਨੂੰ ਵੱਡੇ ਘੱਲੂਘਾਰੇ ਵਿਚੋਂ ਸੁਰੱਖਿਅਤ ਕੱਢ ਲਿਆਉਣ ਦੀ ਕਠਿਨ ਸੇਵਾ ਵੀ ਆਪ ਨੇ ਨਿਭਾਈ। ਫਿਰ ਭਾਈ ਘਸੀਟਾ ਸਿੰਘ ਕਤਲ ਕੇਸ ਵਿੱਚ ਮਹਾਰਾਜ ਬੀਰ ਸਿੰਘ ਜੀ ਚਲਾਨ ਹੋ ਜਾਣ ਕਾਰਨ, ਉਸ ਕੇਸ ਦੀ ਪੈਰਵੀ ਲਈ ਵੀ ਬੜੇ ਜ਼ਫਰ ਜਾਲਣੇ ਪਏ। ਪ੍ਰੀਤਮ ਸਿੰਘ ਕਵੀ ਦੇ ਸ਼ਬਦਾਂ ਵਿੱਚ-

"ਬਾਬਾ ਜੀ ਛੋਟਿਆਂ ਦੇ ਕੇਸ ਵਿੱਚ ਗੁਰਦੇਵ ਸਿੰਘ ਰਾਮਪੁਰ ਤੇ ਬਾਬਾ ਜੀ ਵੱਡਿਆਂ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਸਭ ਤੋਂ ਵੱਧ ਖੇਚਲ ਝੱਲਣੀ ਪਈ ਹੈ।" ...........(ਬੀਤੇ ਦੀਆਂ ਪੈੜਾਂ, ਜਿਲਦ ਪਹਿਲੀ, ਸਫਾ ੫੮)

ਇਸੇ ਡਾਇਰੀ ਦੇ ਸਫਾ ੭੬ ਤੇ ਕਵੀ ਜੀ ਦਾ ਇਹ ਇੰਦਰਾਜ, ਆਪ ਦੇ ਸੁਭਾਉ ਬਾਰੇ ਵੀ ਮਿਲਦਾ ਹੈ- "ਗੁਰਦੇਵ ਸਿੰਘ ਰਾਮਪੁਰੀ ਮੇਰਾ ਮਿਤਰ ਹੈ। ਮੇਰੇ ਨਾਲ ਇਸਦਾ ਵਿਦਿਆਰਥੀ, ਜੀਵਨ ਤੋਂ ਸਬੰਧ ਹੈ। ਮੇਰੇ ਪਾਸ ਵੇਲੇ ਕੁਵੇਲੇ ਆ ਬਹਿੰਦਾ ਹੈ। ਵਾਹਵਾ ਸਮਾਂ ਕਟ ਜਾਂਦਾ ਹੈ।

ਅੱਜ ਤਾਂ ਇਸ ਨੇ ਮੋਟਰ ਸਾਫ ਕਰਦਿਆਂ ਕਮਾਲ ਦੇ ਸਬਰ ਤੋਂ ਕੰਮ ਲਿਆ। ਸੰਤ ਰੀਡਾ ਸਿੰਘ ਮਿਸਤਰੀ ਦਿਲੀ ਵਾਲਿਆਂ ਨਾਲ ਕੁਝ ਦਿਨਾਂ ਦਾ ਆਇਆ ਹੋਇਆ ਹੈ।"

ਇਹ ਵੀ ਇਕ ਸੁਖਦ ਸੰਜੋਗ ਕਿਹਾ ਜਾਏਗਾ ਕਿ ਗੁਰਦੇਵ ਸਿੰਘ ਹੋਰਾਂ ਦੀ ਰਚਨਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਅਤੇ ਉਹਨਾਂ ਬਾਰੇ ਜਾਣਕਾਰੀ ਇਕੱਤਰ ਕਰਕੇ, ਸੰਪਾਦਨ ਦੀ ਸੇਵਾ ਉਪਰੋਕਤ ਆਪ ਦੇ ਉਸਤਾਦ ਮਿਸਤਰੀ ਰੀਡਾ ਸਿੰਘ ਜੀ ਦੇ ਜੁਆਤਰੇ ਸ੍ਰ. ਸੰਤ ਸਿੰਘ ਹੋਰਾਂ ਦੇ ਜਿੰਮੇ ਲੱਗੀ ਹੈ। ਸ੍ਰ. ਸੰਤ ਸਿੰਘ ਗੁਰਪੁਰਵਾਸੀ ਬੀਬੀ ਬਿਅੰਤ ਕੌਰ ਪ੍ਰਿੰਸੀਪਲ ਦੇ ਪਤੀ ਦੇਵ ਹਨ। ਬੀਬੀ ਜੀ ਦੀ ਸਾਹਿਤਕ ਘਾਲਣਾ ਅਤੇ ਪੰਥਕ ਸੇਵਾ ਤੋਂ ਕੌਣ ਅਪਰਿਚਿਤ ਹੈ। ਸੰਤ ਸਿੰਘ ਜੀ ਨੇ ਭਾਵੇਂ ਇੰਜੀਨੀਅਰਿੰਗ ਦੀ ਉਚੀ ਤਾਲੀਮ ਹਾਸਲ ਕਰਕੇ BHEL ਵਿੱਚ ਜਨਰਲ ਮੈਨੇਜਰ ਦੇ ਅਹੁਦੇ ਤੋਂ ਸੇਵਾ ਮੁਕਤੀ ਹਾਸਲ ਕੀਤੀ ਸੀ, ਉਹਨਾਂ ਦੇ ਪਿਤਾ ਜੀ ਪੰਜਾਬ ਦੀ ਪੀ. ਡਬਲਯੂ. ਡੀ. ਮਹਿਕਮੇ ਵਿਚੋਂ ਐਕਸਅਨ ਰੀਟਾਇਰ ਹੋਏ ਸਨ—ਸ੍ਰ. ਬਚਨ ਸਿੰਘ ਜੀ। ਸੰਤ ਸਿੰਘ ਹੋਰਾਂ ਦਾ ਦਾਦਾ ਸਾਹਿਬ ਸਿੰਘ, ਜੀਊਣ ਸਿੰਘ ਵੱਲ ਪਰਨਾਇਆ ਸੀ, ਜੋ ਸੰਪਾਦਕ ਸੰਤ ਸਿੰਘ ਦਾ ਨਾਨਾ ਸੀ। ਜਿਊਣ ਸਿੰਘ ਦਾ ਪਿਤਾ ਬਿਸ਼ਨ ਸਿੰਘ ਦੀ ਪਤਨੀ ਮਾਤਾ ਮਹਿਤਾਬ ਕੌਰ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਅਨੰਦਕਾਰਜ ਵਿਚੋਂ ਸਪੁੱਤਰੀ। ਬਿਸ਼ਨ ਸਿੰਘ ਦਾ ਪਿਤਾ ਹਜ਼ਾਰਾ ਸਿੰਘ ਸੀ ਜਿਸ ਦਾ ਪਿੰਡ ਰਾਇਪੁਰ (ਲੁਧਿਆਣਾ) ਸੀ ਅਤੇ ਇਹ ਹਜਾਰਾ ਸਿੰਘ ਮੁੰਡੇ ਗੋਤ ਦਾ ਰਾਮਗੜ੍ਹੀਆ ਸਿੰਘ ਸੀ ਅਤੇ ਉਸ ਕਾਬਲ ਸਿੰਘ ਦਾ ਸਕਾ ਭਾਈ ਸੀ ਜੋ ਸਤਿਗੁਰੂ ਰਾਮ ਸਿੰਘ—ਗੁਰੂ ਹਰੀ ਸਿੰਘ ਜੀ ਦਾ ਬਹਿਨੋਈ ਸੀ ਅਤੇ ਜਿਹੜਾ ਸਤਿਗੁਰੂ ਜੀ ਨੂੰ ਲੈਕੇ ਲਹੌਰ ਸਿੰਘ ਦਰਬਾਰ ਦੀ ਉਸ ਸੈਨਾ ਵਿੱਚ ਪੁੱਜਾ ਸੀ, ਜਿੱਥੇ ਉਹ ਖੁਦ ਤੋਪਚੀ ਸੀ। ਕਾਬਲ ਸਿੰਘ ਐਸਾ ਕਮਾਲ ਦਾ ਨਿਸ਼ਾਨੇਬਾਜ਼ ਸੀ ਕਿ ਉਹ ਤੋਪ ਦੇ ਦੁਸ਼ਮਣ ਵਲੋਂ ਆਉਂਦੇ ਗੋਲੇ ਵਿੱਚ ਗੋਲਾ ਮਾਰ ਕੇ ਪੁੱਠਾ ਮੋੜ ਦਿੰਦਾ ਸੀ ਅਤੇ ਕਈ ਵੇਰ ਆਪਣੇ ਗੋਲੇ ਨਾਲ ਵੈਰੀ ਦੀ ਤੋਪ ਦਾ ਮੂੰਹ ਬੰਦ ਕਰਕੇ ਉਸਨੂੰ ਨਕਾਰਾ ਕਰ ਦਿੰਦਾ ਸੀ। ਸ੍ਰ. ਸੰਤ ਸਿੰਘ ਦੀਆਂ ਸਾਹਿਤ ਪ੍ਰਤੀ ਰੁਚੀਆਂ ਬੀਬੀ ਬੇਅੰਤ ਕੌਰ ਦੇ ਸਾਥ ਵਿਚੋਂ ਉਪਜੀਆਂ ਅਤੇ ਹੁਣ ਵੀ ਉਹ ਗਾਹੇ ਬਗਾਹੇ ਪੰਥਕ ਪਰਚਿਆਂ ਸਤਿਜੁਗ, ਵਰਿਆਮ ਆਦਿ ਲਈ ਕੁਝ ਨਾ ਕੁਝ ਲਿਖਦੇ ਰਹਿੰਦੇ ਹਨ। ਅੱਜ ਕੱਲ੍ਹ ਭਾਵੇਂ ਉਹ ਦਿਲੀ ਨਿਵਾਸ ਰੱਖਦੇ ਹਨ ਪੁਰਾਣਾ ਜੱਦੀ ਪਿੰਡ ਬੁਰਜ ਹਰੀ ਸਿੰਘ

ਜਿਲ੍ਹਾ ਲੁਧਿਆਣਾ ਹੈ।

ਇਸ ਛੋਟੀ ਪੁਸਤਕ ਵਿਚੋਂ ਪਾਠਕ ਨੂੰ ਗੁਰਦੇਵ ਸਿੰਘ ਹੋਰਾਂ ਦੇ ਪਰਿਵਾਰਕ ਪਿਛੋਕੜ ਬਾਰੇ ਵੀ ਜਾਣਕਾਰੀ ਮਿਲੇਗੀ।

ਉਹਨਾਂ ਦਾ ਵੱਡਾ ਸਪੁੱਤਰ ਸ੍ਰ. ਅਵਤਾਰ ਸਿੰਘ ਮਾਂਗਟ ਬਾਰਡਰ ਸਿਕਊਰਿਟੀ ਫੋਰਸ, ਦਾ ਪੰਜਾਬ ਵਿੱਚ ਆਈ ਜੀ. ਰੀਟਾਇਰ ਹੋਇਆ। ਉਸਦੀ ਈਮਾਨਦਾਰੀ ਦਾ ਇਹ ਆਲਮ ਹੈ ਕਿ ਰੀਟਾਇਰਮੈਂਟ ਤੱਕ ਆਪਣਾ ਮਕਾਨ ਵੀ ਕਿਸੇ ਚੰਗੇ ਸ਼ਹਿਰ ਵਿੱਚ ਨਹੀਂ ਸੀ ਬਣਾ ਸਕਿਆ। ਹੁਣ ਗੁਰਦੇ ਵ ਸਿੰਘ ਹੋਰਾਂ ਉਸ ਨੂੰ ਆਪਣੀ ਪੈਤਰਿਕ ਭੂਮੀ ਵੇਚਣ ਦੀ ਇਜਾਜ਼ਤ ਦਿਤੀ ਤਾਂ ਕਿਤੇ ਜਾ ਕੇ ਉਹ ਦਿਲੀ ਵਿੱਚ ਆਪਣੇ ਮਕਾਨ ਵਾਲਾ ਬਣਿਆ। ਬੱਚਿਆਂ ਵਿੱਚ ਇਹੋ ਜਿਹੇ ਈਮਾਨਦਾਰੀ ਦੇ ਗੁਣ ਪੈਦਾ ਕਰਨੇ ਸਫਲ ਗ੍ਰਹਿਸਤ ਜੀਵਨ ਦੀ ਨਿਸ਼ਾਨੀ ਹੈ।

ਸੰਤ ਸਿੰਘ ਹੋਰਾਂ ਨੇ ਗੁਰਦੇਵ ਸਿੰਘ ਜੀ ਦੇ ਨਿਕਟਵਰਤੀ ਰਹੇ ਸਾਬਕਾ ਹਜ਼ੂਰੀ ਸੇਵਕ ਸੰਤ ਬਲਕਾਰ ਸਿੰਘ ਜੀ ਅਤੇ ਸਤਿਜੁਗ ਦੇ ਸਾਬਕਾ ਸੰਪਾਦਕ ਪ੍ਰੀਤਮ ਸਿੰਘ ਜੀ ਕਵੀ ਦੁਆਰਾ ਮਾਂਗਟ ਸਾਹਿਬ ਬਾਰੇ ਲਿਖੇ ਵੇਰਵੇ, ਰੇਖਾ ਚਿਤਰ ਇਸ ਪੁਸਤਕ ਵਿੱਚ ਸ਼ਾਮਲ ਕਰਕੇ ਸੁਚੱਜੀ ਸੰਪਾਦਨਕਲਾ ਦਾ ਸਬੂਤ ਦਿਤਾ ਹੈ।

ਇਸ ਸਮੇਂ ਸਾਡੇ ਸਮਿਆਂ ਵਿੱਚ ਸਤਿਗੁਰੂ ਪਰਤਾਪ ਸਿੰਘ ਕਾਲ ਨਾਲ ਸਬੰਧਤ ਜੋ ਕੁਝ ਕੁ ਪੋਟਿਆਂ ਤੇ ਗਿਣੀਆਂ ਜਾਣ ਵਾਲੀਆਂ ਚਰਚਿਤ ਸ਼ਖਸੀਅਤਾਂ ਹਨ, ਉਹਨਾਂ ਵਿਚੋਂ ਪੰਡਿਤ ਗੋਪਾਲ ਸਿੰਘ ਜੀ ਅਤੇ ਗੁਰਦੇਵ ਸਿੰਘ ਮਾਂਗਟ ਹੀ ਪਰਮੁੱਖ ਹਨ।

ਅਸੀਂ ਇਹਨਾਂ ਦੀ ਲੰਮੀ ਉਮਰ ਅਤੇ ਚੰਗੇਰੀ ਸਿਹਤ ਦੀ ਕਾਮਨਾ ਕਰਦੇ ਹੋਏ, ਸੰਤ ਸਿੰਘ ਹੋਰਾਂ ਦੇ ਉਦਮ ਨਾਲ ਆ ਰਹੀ, ਮਾਂਗਟ ਸਾਹਿਬ ਦੀ ਇਸ ਵਚਿੱਤਰ-ਪੁਸਤਕ ਨੂੰ ਜੀ ਆਇਆਂ ਆਖਦੇ ਹਾਂ।

ਮਿਤੀ ੨੮-੦੨-੨੦੦੮

ਕਰੀਵਾਲਾ (ਸਿਰਸਾ) ਸੁਵਰਨ ਸਿੰਘ ਵਿਰਕ

# ਸੰਤ ਗੁਰਦੇਵ ਸਿੰਘ ਜੀ ਮਾਂਗਟ

# ਮੁੱਢਲਾ ਸਮਾਂ

ਸੰਤ ਗੁਰਦੇਵ ਸਿੰਘ ਮਾਂਗਟ ਦਾ ਜਨਮ ੧੫ ਨਵੰਬਰ ਸੰਨ ੧੯੧੫ ਨੂੰ ਪਿਤਾ ਸ: ਕੇਹਰ ਸਿੰਘ ਅਤੇ ਮਾਤਾ ਹਰ ਕੌਰ ਦੇ ਗ੍ਰਹਿ ਵਿਖੇ ਹੋਇਆ। ਇਹਨਾਂ ਤੋਂ ਤਿੰਨ ਕੁ ਸਾਲ ਵੱਡੀ ਭੈਣ ਗੁਰਦੇਵ ਕੌਰ ਅੱਜ ਕਲ੍ਹ ਸਿੰਗਾਪੁਰ ਰਹਿੰਦੀ ਹੈ। ਗੁਰਦੇਵ ਸਿੰਘ ਜੀ ਦਾ ਜਨਮ ਸੰਤ ਹੋਤੀ ਮਰਦਾਨ ਵਾਲਿਆਂ ਦੇ ਬਚਨ ਨਾਲ ਹੋਇਆ ਸੀ। ਸੰਤਾਂ ਨੇ ਬਚਨ ਕੀਤਾ ਸੀ ਕਿ ਜੋ ਵੀ ਬਾਲਕ ਹੋਵੇ ਉਸ ਕੋਲੋਂ ਕਿਸੇ ਸਾਧ ਸੰਤ ਦੀ ਸੇਵਾ ਜ਼ਰੂਰ ਕਰਾਉਣੀ। ਉਸ ਵੇਲੇ ਇਹ ਪਰਿਵਾਰ ਨਾਮਧਾਰੀ ਨਹੀਂ ਸੀ।

ਗੁਰਦੇਵ ਸਿੰਘ ਜੀ ਦੇ ਪਿਤਾ ਸ: ਕੇਹਰ ਸਿੰਘ ਜੀ ਦਾ ਜਨਮ ਸੰਨ ੧੮੮੦ ਵਿੱਚ ਹੋਇਆ ਸੀ। ਸੰਨ ੧੯੦੧ ਵਿੱਚ ਇਹ ਫੌਜ ਵਿੱਚ ਭਰਤੀ ਹੋ ਗਏ ਅਤੇ ੪੭ ਸਿੱਖ ਰਜਮੈਂਟ ਵਿੱਚ ਸਿਗਨਲਰ ਦੇ ਤੌਰ ਤੇ ਕੰਮ ਕਰਦੇ ਰਹੇ। ਪਹਿਲੇ ਵਿਸ਼ਵ ਯੁੱਧ ਵਿੱਚ ਫਰਾਂਸ ਦੀ ਲੜਾਈ ਵਿੱਚ ਲੜੇ ਅਤੇ ਜ਼ਖਮੀ ਹਾਲਤ ਵਿੱਚ ਘਰ ਵਾਪਸ ਆ ਗਏ। ਅੱਠ ਰੁਪਏ ਮਹੀਨਾ ਇਹਨਾਂ ਦੀ ਪੈਨਸ਼ਨ ਲੱਗੀ ਸੀ। ਇਹ ਇੱਕ ਅਪਰੈਲ ਸੰਨ ੧੯੬੮ ਨੂੰ ਅਧਰੰਗ ਦੇ ਰੋਗ ਕਾਰਨ ਆਪਣੇ ਪਿੰਡ ਰਾਮਪੁਰ ਸਵਰਗ ਪੁਰੀ ਸਧਾਰ ਗਏ।

ਗੁਰਦੇਵ ਸਿੰਘ ਜੀ ਹਾਲੀ ਇੱਕ ਸਾਲ ਦੇ ਹੀ ਸਨ ਕਿ ਇਹਨਾਂ ਦੇ ਮਾਤਾ ਜੀ ਚੜ੍ਹਾਈ ਕਰ ਗਏ। ਉਪਰੰਤ ਇਹਨਾਂ ਦਾ ਪਾਲਣ ਪੋਸ਼ਣ ਇਹਨਾਂ ਦੇ ਪਿਤਾ, ਭੂਆ ਅਤੇ ਹੋਰ ਰਿਸ਼ਤੇਦਾਰਾਂ ਨੇ ਹੀ ਕੀਤਾ।

## ਪੜ੍ਹਾਈ

ਸੰਤ ਗੁਰਦੇਵ ਸਿੰਘ ਜੀ ਨੇ ਆਪਣੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਸ਼ੁਰੂ ਕੀਤੀ। ਚਾਰ ਜਮਾਤਾਂ ਪੜ੍ਹਕੇ ਪੰਜਵੀ ਦੁਰਾਹਾ ਮੰਡੀ, ਛੇਵੀ ਗੁੱਜਰਵਾਲ,

ਸੱਤਵੀਂ ਅਤੇ ਅੱਠਵੀਂ ਫੇਰ ਦੁਰਾਹਾ ਮੰਡੀ, ਨੌਵੀਂ ਗੁੱਜਰਵਾਲ ਅਤੇ ਦਸਵੀਂ ਜਮਾਤ ਜਸਪਾਲੋਂ ਤੋਂ ਪਾਸ ਕੀਤੀ। ਦਸਵੀਂ ਦਾ ਇਮਤਿਹਾਨ ਪੰਜਾਬ ਯੂਨੀਵਰਸਿੱਟੀ (ਉਦੋਂ ਲਾਹੌਰ) ਤੋਂ ਸੰਨ ੧੯੩੩ ਵਿੱਚ ਸੈਕਿੰਡ ਡਵੀਜ਼ਨ ਵਿੱਚ ਪਾਸ ਕੀਤਾ। ਇਸ ਇਮਤਿਹਾਨ ਵਿੱਚ ਉਹਨਾਂ ਦਾ ਰੋਲ ਨੰਬਰ ੧੧੬੭੯ ਸੀ। ਉਹਨਾਂ ਦਿਨਾਂ ਵਿੱਚ ਦਸਵੀਂ ਜਮਾਤ ਸੈਕਿੰਡ ਡਵੀਜ਼ਨ ਵਿੱਚ ਪਾਸ ਕਰਨਾ ਬਹੁਤ ਵੱਡੀ ਕਾਮਯਾਬੀ ਸਮਝੀ ਜਾਂਦੀ ਸੀ।

## ਪਿੰਡ

ਗੁਰਦੇਵ ਸਿੰਘ ਜੀ ਦਾ ਪਿੰਡ ਰਾਮਪੁਰ ਕਟਾਣੀ ਹੈ ਜੋ ਸ੍ਰੀ ਭੈਣੀ ਸਾਹਿਬ ਤੋਂ ਦੱਖਣ ਵਲ ਦੋਰਾਹੇ ਤੇ ਸ੍ਰੀ ਭੈਣੀ ਸਾਹਿਬ ਦੇ ਵਿੱਚਕਾਰ ਸਰਹਿੰਦ ਨਹਿਰ ਦੇ ਕੰਢੇ ਤੇ ਹੈ। ਸ੍ਰੀ ਭੈਣੀ ਸਾਹਿਬ ਰਾਮਪੁਰ ਤੋਂ ਤਿੰਨ ਕੁ ਮੀਲ ਹੈ। ਕਹਿੰਦੇ ਹਨ ਕਿ ਇਹ ਪਿੰਡ ਰਾਮਚੰਦਰ ਜੀ ਦੇ ਸਮੇਂ ਦਾ ਹੈ। ਏਥੇ ਇੱਕ ਰਾਮਤਲਾਈ ਭੀ ਹੁੰਦੀ ਸੀ ਜਿਸਨੂੰ ਪੂਰ ਕੇ ਡਾਕਖਾਨਾ ਬਣਾ ਦਿੱਤਾ ਗਿਆ ਸੀ।

ਗੁਰਦੇਵ ਸਿੰਘ ਜੀ ਦੇ ਬਜ਼ੁਰਗ ਕਈ ਪੁਸ਼ਤਾਂ ਤੋਂ ਏਥੇ ਰਹਿੰਦੇ ਸਨ। ਇਹਨਾਂ ਕੋਲ ਕੋਈ ੨੦ ਕੁ ਏਕੜ ਜ਼ਮੀਨ ਸੀ ਜਿਸ ਵਿੱਚ ਇਹਨਾਂ ਦੇ ਬਜ਼ੁਰਗ ਵਾਹੀ ਦਾ ਕੰਮ ਕਰਦੇ ਸਨ।

## ਤਾਇਆ ਬੀਰ ਸਿੰਘ

ਗੁਰਦੇਵ ਸਿੰਘ ਜੀ ਦੇ ਤਾਇਆ ਸ. ਬੀਰ ਸਿੰਘ ਜੀ ਰਾਈਆਂ ਸਾਧਾਂ ਕੋਲ ਰਹਿੰਦੇ ਸਨ। ਉੱਥੇ ਉਹਨਾਂ ਦਾ ਨਾਮ ਬੀਰਮ ਦਾਸ ਸੀ। ਜਦੋਂ ਉਹ ਸਾਧ ਚੜ੍ਹਾਈ ਕਰ ਗਿਆ ਤਾਂ ਬੀਰਮ ਦਾਸ ਜੀ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੀ ਸੇਵਾ ਵਿੱਚ ਆ ਗਏ। ਸਤਿਗੁਰੂ ਜੀ ਕੋਲ ਆਕੇ ਇਹਨਾਂ ਦਾ ਨਾਮ ਮਹੰਤ ਬੀਰ ਸਿੰਘ ਜਹਾਨ ਪੈ ਗਿਆ।

ਇਹ ਸਰੀਰ ਦੇ ਬਹੁਤ ਤਕੜੇ ਸਨ। ਕਹਿੰਦੇ ਹਨ ਕਿ ਅਕਾਲ ਬੁੰਗੇ ਦੇ ਸਾਹਮਣੇ ਜਿਹੜਾ ਖੂਹ ਹੈ, ਉਸ ਵਿੱਚੋਂ ਚਰਸ ਨਾਲ ਪਾਣੀ ਕੱਢ ਕੱਢ ਕੇ ਇਹਨਾਂ ਨੇ ਖੂਹ ਖਾਲੀ ਕਰ ਦਿੱਤਾ ਸੀ। ਇਹ ਗਾਈਆਂ ਦੀ ਬਹੁਤ ਸੇਵਾ ਕਰਦੇ ਹੁੰਦੇ ਸਨ। ਇੱਕ ਵੱਛੀ ਨੂੰ ਕੋਈ ਅਧਮੋਈ ਕਰਕੇ ਟਿੱਬੇ ਤੇ ਸੁਟ ਗਿਆ ਸੀ।

ਇਹਨਾਂ ਨੇ ਉਸ ਨੂੰ ਮੋਢੇ ਤੇ ਚੁੱਕ ਕੇ ਲੈ ਆਂਦਾ ਅਤੇ ਸੇਵਾ ਕਰਕੇ ਬਿਲਕੁਲ ਠੀਕ ਠਾਕ ਕਰ ਲਿਆ। ਇਹਨਾਂ ਦਾ ਡੇਰਾ ਤਬੇਲੇ ਵਿੱਚ ਇੱਕ ਕਮਰੇ ਵਿੱਚ ਹੁੰਦਾ ਸੀ, ਜਿਸ ਨੂੰ ਰਾਮਪੁਰ ਤੋਂ ਇੱਟਾਂ ਬਾਲੇ ਲਿਆ ਕੇ ਬਣਾਇਆ ਸੀ। ਸਰੀਰਕ ਤੌਰ ਤੇ ਬਹੁਤ ਤਕੜੇ ਹੋਣ ਕਰਕੇ ਗੁਰੂ ਘਰ ਦੀ ਬਹੁਤ ਅਣਥੱਕ ਸੇਵਾ ਕੀਤੀ ਅਤੇ ਸਤਿਗੁਰਾਂ ਦੀਆਂ ਖੁਸ਼ੀਆਂ ਦੇ ਪਾਤਰ ਬਣੇ। ਭਾਵੇਂ ਬਿਲਕੁਲ ਅਨਪੜ੍ਹ ਸਨ ਪਰ ਬਾਣੀ ਬਹੁਤ ਯਾਦ ਸੀ। ਹਰ ਸਮੇ ਸੇਵਾ ਕਰਦੇ ਰਹਿਣਾ ਅਤੇ ਮਨ ਨਾਲ ਭਜਨ ਬਾਣੀ ਕਰਦੇ ਰਹਿਣਾ, ਇਹਨਾਂ ਦਾ ਸੁਭਾਅ ਸੀ। ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਵਿੱਚ ਹੀ ਰਹਿਣ ਲੱਗ ਪਏ ਸਨ।

ਗੁਰਦੇਵ ਸਿੰਘ ਜੀ ਅਕਸਰ ਇਹਨਾਂ ਵਾਸਤੇ ਪਿੰਡੋਂ ਘਿਉ ਅਤੇ ਪਿੰਨੀਆਂ ਦੇ ਪੀਪੇ ਲੈ ਕੇ ਆਉਂਦੇ ਹੁੰਦੇ ਸਨ। ਇੱਕ ਦਿਨ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਦੇ ਦਰਵਾਜ਼ੇ ਸਾਹਮਣੇ ਖੜ੍ਹੇ ਸਨ ਤਾਂ ਗੁਰਦੇਵ ਸਿੰਘ ਹੁਰਾਂ ਨੇ ਪਹਿਲੀ ਵੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ। ਜਦੋਂ ਗੁਰਦੇਵ ਸਿੰਘ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ ਤਾਂ ਮਹੰਤ ਬੀਰ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਉਹ ਇਸ ਮੁੰਡੇ ਤੇ ਵੀ ਬਖਸ਼ਿਸ਼ ਕਰਨ। ਸਤਿਗੁਰੂ ਜੀ ਨੇ ਮੁਸਕਰਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਤਰ੍ਹਾਂ ਗੁਰਦੇਵ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਨ ਵਿੱਚ ਆ ਗਏ।

## ਵਿਆਹ

ਗੁਰਦੇਵ ਸਿੰਘ ਜੀ ਦਾ ਪਹਿਲਾ ਵਿਆਹ ਦਸਵੀਂ ਪਾਸ ਕਰਨ ਉਪਰੰਤ ਬੀਬੀ ਗੁਰਦਿਆਲ ਕੌਰ ਨਾਲ ਸੰਨ ੧੯੩੩ ਵਿੱਚ ਗਿੱਦੜੀ ਬਲਾਸ ਪੁਰ ਹੋਇਆ ਸੀ। ਵਿਆਹ ਭਾਵੇਂ ਪੂਰਨ ਨਾਮਧਾਰੀ ਮਰਯਾਦਾ ਨਾਲ ਹੋਇਆ ਸੀ, ਪਰ ਉਹਨਾਂ ਦਿਨਾਂ ਵਿੱਚ ਰਿਵਾਜ ਮੁਤਾਬਕ ਬਰਾਤ ਵੀ ਗਈ ਸੀ। ਬਰਾਤ ਵਿੱਚ ਚਾਲ੍ਹੀ ਆਦਮੀਆਂ ਤੋਂ ਇਲਾਵਾ ਏਨੇ ਹੀ ਜੱਥੇਦਾਰ ਅਤੇ ਬੈਂਡ ਬਾਜੇ ਵਾਲੇ ਸਨ। ਸਿਆੜ ਦੇ ਜਥੇਦਾਰ ਮੇਹਰ ਸਿੰਘ ਅਤੇ ਕੇਹਰ ਸਿੰਘ ਹੁਰਾਂ ਦੇ ਜਥੇ ਨੇ ਚਾਰ ਦਿਨ ਖੂਬ ਰੌਣਕ ਲਗਾਈ, ਦੀਵਾਨ ਸਜੇ ਅਤੇ ਬਹੁਤ ਅਨੰਦ ਰਿਹਾ।

ਗੁਰਦੇਵ ਸਿੰਘ ਹੁਰਾਂ ਦਾ ਪਰਿਵਾਰ ਉਦੋਂ ਭਾਵੇਂ ਪੱਕਾ ਨਾਮਧਾਰੀ ਨਹੀਂ ਸੀ ਪਰ ਤਾਇਆ ਬੀਰ ਸਿੰਘ ਹੁਰਾਂ ਕਰਕੇ ਗੁਰਮਤ ਮਰਯਾਦਾ ਦਾ ਵੀ ਕਾਫੀ ਡੂੰਘਾ ਅਸਰ ਸੀ। ਇਹਨਾਂ ਦੀ ਭੈਣ ਦਾ ਵਿਆਹ ਵੀ ਇਸੇ ਤਰ੍ਹਾਂ ਨਾਮਧਾਰੀ ਮਰਯਾਦਾ ਅਨੁਸਾਰ ਪਿੰਡ ਗੁੱਜਰਵਾਲ ਹੋਇਆ ਸੀ। ਵਿਆਹ ਤੋਂ ਮਗਰੋਂ ਗੁਰਦੇਵ ਸਿੰਘ ਜੀ ਨੇ ਕਦੇ ਪਿੰਡ ਅਤੇ ਕਦੇ ਸ੍ਰੀ ਭੈਣੀ ਸਾਹਿਬ ਰਹਿਣਾ।

## ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਥਮ ਸਿਆਮ ਫੇਰੀ

ਸੰਨ ੧੯੩੩ ਨਵੰਬਰ ਦਸੰਬਰ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਿਲੀ ਵੇਰ ਬਰਮਾ ਹੁੰਦੇ ਹੋਏ ਰੰਗੂਨ ਅਤੇ ਥਾਈਲੈਂਡ ਗਏ ਸਨ। ਥਾਈਲੈਂਡ ਵਿੱਚ ਚੰਗਮਈ ਅਤੇ ਬੈਂਕੋਕ ਦਾ ਭੀ ਦੌਰਾ ਸੀ। ਸਤਿਗੁਰੂ ਜੀ ਦੇ ਨਾਲ ਮਾਤਾ ਜੀਵਨ ਕੌਰ ਜੀ, ਸੰਤ ਦਰਸ਼ਨ ਸਿੰਘ ਜੀ, ਖਜ਼ਾਨ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਮ, ਸੰਤ ਇੰਦਰ ਸਿੰਘ ਜੀ ਚਕਰਵਰਤੀ, ਲਾਂਗਰੀ ਸੰਤ ਕਿਰਪਾ ਸਿੰਘ ਜੀ, ਚੌਰ ਬਰਦਾਰ ਸੰਤ ਬਹਾਦਰ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਸਿੰਘ ਨਾਲ ਗਏ ਸਨ। ਸਤਿਗੁਰੂ ਜੀ ਨੇ ਇਹ ਦੌਰਾ ਕਲਕੱਤੇ ਤਕ ਰੇਲ ਤੇ, ਅਤੇ ਫਿਰ ਰੰਗੂਨ ਤਕ ਸਮੁੰਦਰੀ ਜਹਾਜ਼ ਤੇ ਕੀਤਾ ਸੀ। ਬਾਕੀ ਰਸਤਾ ਕਾਰਾਂ ਤੇ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੈਂਕੋਕ ਤੋਂ ਮਾਘੀ ਦੇ ਮੇਲੇ ਉਪਰੰਤ, ਜਨਵਰੀ ੧੯੩੪ ਵਿੱਚ ਵਾਪਸ ਸ੍ਰੀ ਭੈਣੀ ਸਾਹਿਬ ਦਰਸ਼ਨ ਦਿੱਤੇ ਸਨ।

## ਬਿਜਲੀ ਦਾ ਕੰਮ ਸਿੱਖਣਾ

੧੯੩੩ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਥਾਈਲੈਂਡ ਦੇ ਦੌਰੇ ਤੇ ਜਾਣ ਸਮੇ ਗੁਰਦੇਵ ਸਿੰਘ ਹੁਰਾਂ ਨੂੰ ਬਿਜਲੀ ਦਾ ਕੰਮ ਸਿੱਖਣ ਵਾਸਤੇ ਲਾਹੌਰ ਜਾਣ ਦਾ ਹੁਕਮ ਕਰ ਗਏ। ਇਹਨਾਂ ਦੇ ਨਾਲ ਹੀ ਗੁਰਬਖਸ਼ ਸਿੰਘ ਅਮਲੀ ਨੂੰ ਵੀ ਲਾਹੌਰ ਜਾ ਕੇ ਘੋੜਿਆਂ ਨੂੰ ਖੁਰੀਆਂ ਲਾਉਣ ਦਾ ਕੰਮ ਸਿੱਖਣ ਲਈ ਜਾਣ ਦਾ ਹੁਕਮ ਸੀ। ਇਹ ਦੋਵੇਂ ਲਾਲ ਸਿੰਘ ਡਰਾਈਵਰ ਦੇ ਨਾਲ ਰੋਲਜ਼ ਰਾਇਸ ਗੱਡੀ ਵਿੱਚ ਲਾਹੌਰ ਗਏ। ਇਸ ਗੱਡੀ ਦੀ ਪਹਿਲੀ ਬਾਡੀ ਜੰਮੂ ਵਾਲੇ ਸਿੰਘਾਂ ਨੇ ਬਣਾਈ ਸੀ। ਛੱਤ ਹੁੱਡ ਵਾਲੀ ਸੀ। ਇਸ ਦੀਆਂ ਸੀਟਾਂ ਅਤੇ ਹੁੱਡ ਨਵੇਂ ਬਣਾਉਣ ਵਾਸਤੇ ਇਹ ਗੱਡੀ ਲਾਹੌਰ ਲੈ ਕੇ ਗਏ ਸਨ। ਸ੍ਰੀ ਭੈਣੀ ਸਾਹਿਬ ਤੋਂ



ਸੰਤ ਗੁਰਦੇਵ ਸਿੰਘ ਜੀ ਅਤੇ ਸੁਪਤਨੀ ਗੁਰਦਿਆਲ ਕੌਰ।




ਸੰਤ ਗੁਰਦੇਵ ਸਿੰਘ ਜੀ ਦੇ ਸਪੁੱਤਰ ਸ੍ਰ. ਅਵਤਾਰ ਸਿੰਘ ਮਾਂਗਟ,
ਰਿਟਾਇਰਡ ਆਈ. ਜੀ., ਬੀ. ਐਸ. ਐਫ.।



ਸੰਤ ਗੁਰਦੇਵ ਸਿੰਘ ਜੀ ਆਪਣੇ ਸਪੁੱਤਰ ਅਵਤਾਰ ਸਿੰਘ ਮਾਂਗਟ ਨਾਲ।



ਸੰਤ ਰਣਜੀਤ ਸਿੰਘ ਜੀ ਬਾਜਵਾ ਅਤੇ ਸੁਪਤਨੀ ਗੁਰਤੇਜ ਕੌਰ।



ਰਨਜੀਤ ਸਿੰਘ ਬਾਜਵਾ ਸ੍ਰ. ਸੰਤ ਸਿੰਘ ਪ੍ਰਿ. ਬੇਅੰਤ ਕੌਰ
ਸੰਤ ਗੁਰਦੇਵ ਸਿੰਘ ਮਾਂਗਟ।



ਸੰਤ ਗੁਰਦੇਵ ਸਿੰਘ ਜੀ ਅਤੇ ਸੰਤ ਰਣਜੀਤ ਸਿੰਘ ਜੀ ਸ੍ਰ: ਹਰਜਿੰਦਰ ਸਿੰਘ ਸਟੀਲਮੈਨ ਨਾਲ ਇੰਗਲੈਂਡ ਵਿੱਚ।



ਸ੍ਰ: ਹਰਵਿੰਦਰ ਸਿੰਘ ਮਾਂਗਟ



ਸ੍ਰ: ਸੁਖਜੀਤ ਸਿੰਘ ਮਾਂਗਟ

ਟੁਰਨ ਲਗਿਆਂ ਇਹਨਾਂ ਇੱਕ ਬੋਰੀ ਘਰ ਦੇ ਮਾਲਟਿਆਂ ਦੀ ਭੀ ਰੱਖ ਲਈ।

ਉਨ੍ਹਾਂ ਦਿਨਾਂ ਵਿੱਚ ਗੁਰੂ ਘਰ ਦੇ ਘੋੜੇ ਲਾਹੌਰ ਰਹਿੰਦੇ ਸਨ। ਚੀਫ਼ ਕਾਲਿਜ ਦੇ ਅਸਤਬਲ, ਇਹਨਾਂ ਵਾਸਤੇ ਕਿਰਾਏ ਤੇ ਲਏ ਹੋਏ ਸਨ। ਮਾਲਟੇ ਘੋੜਿਆਂ ਦੇ ਸੇਵਾਦਾਰਾਂ ਵਾਸਤੇ ਲਏ ਸਨ। ਉੱਥੇ ਜਾ ਕੇ ਸਾਰੇ ਆਪੋ ਆਪਣੇ ਕੰਮਾਂ ਤੇ ਚਲੇ ਗਏ।

ਲਾਹੌਰ ਵਿਖੇ ਇਹਨਾਂ ਦਾ ਡੇਰਾ ਬੀਬੀ ਤੇਜ ਕੌਰ ਦੇ ਘਰ ਲੱਗਿਆ। ਹਵੇਲੀ ਸ: ਤਾਰਾ ਸਿੰਘ ਸੈਦ, ਮਿੱਠਾ ਬਜ਼ਾਰ, ਭਾਟੀ ਦਰਵਾਜ਼ੇ ਅੰਦਰ ਸੀ। ਗੁਰਬਖਸ਼ ਸਿੰਘ ਵੈਟਰਿਨਰੀ ਕਾਲਿਜ ਵਿੱਚ ਖੁਰੀਆਂ ਦਾ ਕੰਮ ਸਿੱਖਣ ਚਲਾ ਜਾਂਦਾ ਅਤੇ ਗੁਰਦੇਵ ਸਿੰਘ ਹੁਰੀ ਲਾਭ ਸਿੰਘ ਬਿਜਲੀ ਵਾਲੇ ਕੋਲ ਬਰਾਂਡਰਥ ਰੋਡ ਤੇ ਜਾਂਦੇ। ਛੇ ਕੁ ਮਹੀਨਿਆਂ ਵਿੱਚ ਦੋਨੋ ਆਪਣਾ ਆਪਣਾ ਕੰਮ ਸਿੱਖ ਗਏ। ਗੁਰਬਖਸ਼ ਸਿੰਘ ਤੇ ਉੱਥੇ ਲਾਹੌਰ ਹੀ ਰਿਹਾ ਪਰ ਗੁਰਦੇਵ ਸਿੰਘ ਜੀ ਆਪਣੇ ਪਿੰਡ ਆ ਗਏ। ਉਪਰੰਤ ਇੱਕ ਸਾਲ ਗੁਰਬਖਸ਼ ਸਿੰਘ ਅਮਰੀਕਨ ਐਸਪਰ ਕੋਲ ਲੁਧਿਆਣੇ ਵੀ ਗੁਰਦੇਵ ਸਿੰਘ ਜੀ ਨੇ ਬਿਜਲੀ ਦਾ ਕੰਮ ਸਿੱਖਿਆ।

## ਸਰਬ ਸੰਪਰਦਾਏ ਕਾਨਫਰੰਸ

ਸਿਆਮ ਦੇ ਦੌਰੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖੜਗਪੁਰ ਅਤੇ ਬਰਮਾ ਵਿੱਚ ਸਿੰਘ ਸਭਾ ਵਾਲਿਆਂ ਦੇ ਦੋ ਧੜੇ ਹੋਏ ਵੇਖੇ। ਉਹ ਇੱਕ ਦੂਜੇ ਤੇ ਕਹਿਣ ਸੁਣਨ ਤੋਂ ਬਾਹਰੇ ਵਿਅੰਗ ਸਾਧ ਕੇ, ਇੱਕ ਦੂਸਰੇ ਦੇ ਖਿਲਾਫ ਇਸ਼ਤਿਹਾਰ ਛਾਪਦੇ ਅਤੇ ਕੁਰਸੀਆਂ ਸੁੱਟ ਸੁੱਟ ਕੇ ਲੜਦੇ। ਸਤਿਗੁਰੂ ਜੀ ਨੇ ਵੇਖਿਆ ਕਿ ਸਿੱਖ ਛੋਟੇ ਛੋਟੇ ਮਸਲਿਆਂ ਤੇ ਲੜ ਰਹੇ ਹਨ ਅਤੇ ਗੁਰਦੁਆਰੇ ਨੂੰ ਵੀ ਤਾਲੇ ਲੱਗੇ ਹੋਏ ਹਨ। ਗੁਰਸਿੱਖਾਂ ਦੇ ਇਹ ਆਪਸੀ ਝਗੜਿਆ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਹੁਤ ਪ੍ਰਭਾਵਿਤ ਕੀਤਾ।

'ਸਤਿਗੁਰੂ ਸਭਣਾ ਦਾ ਭਲਾ ਮਣਾਇਦਾ' ਦੇ ਮੁੱਖ ਵਾਕ ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖਾਂ ਦੀਆਂ ਸਾਰੀਆਂ ਸ਼੍ਰੇਣੀਆਂ ਨੂੰ ਇੱਕ ਮੰਚ ਤੇ ਇਕੱਤਰ ਕਰਕੇ ਆਪਸੀ ਭਾਈ-ਚਾਰਾ ਵਧਾਉਣ ਵਾਸਤੇ ਗੁਰੂ ਨਾਨਕ ਨਾਮ ਲੇਵਾ, ਸਰਬ ਸੰਪਰਦਾਏ ਕਾਨਫਰੰਸ ਕਰਨ ਦੀ ਯੋਜਨਾ ਬਣਾਈ। ਸਤਿਗੁਰੂ ਜੀ ਚਹੁੰਦੇ ਸਨ ਸਾਰੀਆਂ ਸੰਪਰਦਾਵਾਂ ਇੱਕ ਦੂਸਰੇ ਦਾ ਵਿਰੋਧ ਕਰਨ ਦੀ ਬਜਾਏ

ਇੱਕ ਦੂਸਰੇ ਦਾ ਆਦਰ ਮਾਣ ਕਰਨ ਅਤੇ ਆਪਸੀ ਮਤਭੇਦ ਪਿਆਰ ਮੁਹੱਬਤ ਦੇ ਵਾਤਾਵਰਨ ਵਿੱਚ, ਆਪਸੀ ਗੱਲਬਾਤ ਨਾਲ ਸੁਲਝਾ ਲਿਆ ਕਰਨ।

ਇਸ ਆਸ਼ੇ ਨੂੰ ਮੁੱਖ ਰੱਖ ਕੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰੂ ਨਾਨਕ ਨਾਮ ਲੇਵਾ ਸਰਬ ਸੰਪਰਦਾਏ ਕਾਨਫਰੰਸ ਕਰਨ ਦੀ ਯੋਜਨਾ ਬਣਾਈ ਸੀ। ਇਸ ਵਿੱਚ ਸਾਰੀਆਂ ਹੀ ਸ਼ਰੇਣੀਆਂ ਜੋ ਗੁਰੂ ਨਾਨਕ ਨਾਮ ਲੇਵਾ ਸਨ, ਨੂੰ ਨਿਮੰਤਰਣ ਭੇਜਿਆ ਗਿਆ ਸੀ ਅਤੇ ਸਾਰਿਆਂ ਨੇ ਹੀ ਇਸ ਕਾਨਫਰੰਸ ਵਿੱਚ ਪੂਰਨ ਸਹਿਯੋਗ ਦਿੱਤਾ। ਇਹ ਕਾਨਫਰੰਸ ਸ੍ਰੀ ਭੈਣੀ ਸਾਹਿਬ ੧੪-੧੫ ਅਕਤੂਬਰ ੧੯੩੪ ਨੂੰ ਉਸ ਜਗ੍ਹਾ ਹੋਈ ਜਿਥੇ ਹੁਣ ਸਿਮ੍ਰਤੀ ਮੰਦਰ ਬਣਿਆ ਹੋਇਆ ਹੈ।

ਸੰਤ ਗੁਰਦੇਵ ਸਿੰਘ ਜੀ ਨੇ ਵੀ ਇਸ ਕਾਨਫਰੰਸ ਦੀ ਨਿਰਵਿਘਨ ਸਮਾਪਤੀ ਵਾਸਤੇ ਦਿਨ ਰਾਤ ਮਿਹਨਤ ਕੀਤੀ। ਆਪਣੇ ਪਿੰਡੋਂ ਸੌ ਮੰਜੇ ਅਤੇ ਬਿਲਕੁਲ ਨਵੇਂ ਅਣਲੱਗੇ ਬਿਸਤਰਿਆਂ ਦਾ ਬੰਦੋਬਸਤ ਕੀਤਾ ਅਤੇ ਬਾਹਰੋਂ ਆਏ ਪ੍ਰਾਹੁਣਿਆਂ ਦੀ ਸੇਵਾ ਕੀਤੀ। ਇਹ ਇੱਕ ਬਹੁਤ ਹੀ ਇਤਿਹਾਸਕ ਅਤੇ ਯਾਦਗਾਰੀ ਕਾਨਫਰੰਸ ਸੀ ਜਿਸ ਨੇ ਸਿੱਖਾਂ ਵਿੱਚ ਆਪਸੀ ਮਤਭੇਦ ਨੂੰ ਠੱਲ੍ਹ ਪਾਈ।

## ਸੰਨ ੧੯੩੫

ਸੰਨ ੧੯੩੫ ਵਿੱਚ ਡੇਰੇ ਦੇ ਮੁਖਤਿਆਰ ਮਹਾਰਾਜ ਨਿਹਾਲ ਸਿੰਘ ਜੀ ਸਨ। ਗੁਰਬਖਸ਼ ਸਿੰਘ ਬਾਬਾ ਜਗਜੀਤ ਸਿੰਘ ਜੀ ਅਤੇ ਬਾਬਾ ਬੀਰ ਸਿੰਘ ਜੀ ਦੀ ਸੇਵਾ ਤੇ ਸੀ। ਗੁਰਦੇਵ ਸਿੰਘ ਜੀ ਉਹਨਾਂ ਦਿਨਾਂ ਵਿੱਚ ਗੁਰਬਖਸ਼ ਸਿੰਘ ਅਤੇ ਮਾਸਟਰ ਬਲਵੰਤ ਸਿੰਘ ਜੀ ਜੋ ਸਤਿਜੁਗ ਦੇ ਐਡੀਟਰ ਵੀ ਸਨ ਦੇ ਹੈਲਪਰ ਦੇ ਤੌਰ ਤੇ ਕੰਮ ਕਰਦੇ ਸਨ। ਇਹਨਾਂ ਤੋਂ ਇਲਾਵਾ ਇਹ ਆਪਣੇ ਤਾਏ ਬੀਰ ਸਿੰਘ ਦੀ ਵੀ ਸੇਵਾ ਕਰਦੇ ਸਨ। ਇਸ ਤਰ੍ਹਾਂ ਇਹਨਾਂ ਨੂੰ ਕਾਫੀ ਮਿਹਨਤ ਕਰਨੀ ਪੈਂਦੀ ਸੀ। ਕਈ ਵਾਰੀ ਗੁਰਬਖਸ਼ ਸਿੰਘ ਦੀ ਥਾਂ ਦੋਨੋ ਬਾਬਾ ਜੀ ਦੀ ਸੇਵਾ ਵੀ ਇਹੋ ਕਰਦੇ ਸਨ। ਇਸ ਤਰ੍ਹਾਂ ਇਹਨਾਂ ਨੂੰ ਦੋਨੋ ਬਾਬਾ ਜੀ ਦੀ ਕਾਫੀ ਨੇੜਤਾ ਪ੍ਰਾਪਤ ਹੋਈ ਅਤੇ ਆਪਸੀ ਵਿਸ਼ਵਾਸ ਵੀ ਵਧਿਆ। ਸਤਿਗੁਰੂ ਜਗਜੀਤ ਸਿੰਘ ਜੀ ਉਦੋਂ ਬਾਬਾ ਜੀ ਦੇ ਰੂਪ ਵਿੱਚ ੧੫ ਸਾਲ ਦੀ ਆਯੂ ਵਿੱਚ ਬਹੁਤ ਸੁੰਦਰ ਸਰੂਪ ਸਨ ਅਤੇ ਸਰੀਰ ਵੀ ਬਹੁਤ ਸੁੰਦਰ ਸੀ। ਇਸ ਤੋਂ ਬਾਅਦ ਫਿਰ ਦੋਨੋ ਬਾਬਾ ਜੀ ਨੂੰ ਮਾਤਾ ਨਿਕਲੀ।

ਗੁਰਦੇਵ ਸਿੰਘ ਜੀ ਪਹਿਲਾਂ ਪਹਿਲਾਂ ਤੇ ਰੋਜ਼ ਆਪਣੇ ਪਿੰਡੋਂ ਸ੍ਰੀ ਭੈਣੀ ਸਾਹਿਬ ਆਉਂਦੇ ਸਨ ਅਤੇ ਸੇਵਾ ਕਰਕੇ ਵਾਪਸ ਚਲੇ ਜਾਂਦੇ ਸਨ। ਪਰ ਹੌਲੀ ਹੌਲੀ ਇਹ ਬਹੁਤ ਸਮਾ ਸ੍ਰੀ ਭੈਣੀ ਸਾਹਿਬ ਹੀ ਰਹਿਣ ਲੱਗ ਪਏ।

## ਪਾਲਮਪੁਰ ਜਾਣਾ

੧੯੩੫ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਦੇ ਵਿਦਿਆਲੇ ਦੇ ਲੜਕਿਆਂ ਨੂੰ ਪਹਾੜ ਦੀ ਸੈਰ ਕਰਾਉਣ ਦਾ ਪ੍ਰੋਗਰਾਮ ਬਣਾਇਆ। ਜਿਸ ਦਿਨ ਜਾਣਾ ਸੀ, ਗੁਰਦੇਵ ਸਿੰਘ ਜੀ ਉਸ ਦਿਨ ਆਪਣੀ ਪਹਿਲੀ ਪਤਨੀ ਗੁਰਦਿਆਲ ਕੋਰ ਦੀ ਖਬਰ ਲੈਣ ਪਿੰਡ ਗਿਦੜੀ ਆਪਣੇ ਚਾਚੇ ਦੇ ਪੁੱਤਰ ਪ੍ਰੇਮ ਸਿੰਘ ਨਾਲ ਸਾਈਕਲ ਤੇ ਚੱਲੇ। ਭੈਣੀ ਸਾਹਿਬ ਤੋਂ ਬਾਬਾ ਜਗਜੀਤ ਸਿੰਘ ਜੀ ਰੋਲਜ਼ ਰਾਇਸ ਕਾਰ ਤੇ ਰਾਮਪੁਰ ਗੁਰਦੇਵ ਸਿੰਘ ਹੁਰਾਂ ਨੂੰ ਲੈਣ ਆਏ ਤਾਂ ਪਤਾ ਲਗਾ ਕਿ ਉਹ ਆਪਣੇ ਸਹੁਰੀਂ ਗਏ ਹਨ। ਬਾਬਾ ਜੀ ਨਹਿਰ ਦੀ ਪਟੜੀ ਚੜ੍ਹ ਕੇ ਗੁਰਦੇਵ ਸਿੰਘ ਦੇ ਮਗਰ ਹੀ ਚੱਲ ਪਏ। ਬਿਲਾਸ ਪੁਰ ਪਿੰਡ ਦੇ ਨੇੜੇ ਨਹਿਰ ਤੇ ਗੁਰਦੇਵ ਸਿੰਘ ਜੀ ਨੇ ਪਜਾਮੇ ਦੀ ਇੱਕ ਲੱਤ ਹੀ ਪਾਈ ਸੀ ਤੇ ਦੂਸਰੀ ਪਾਉਣ ਲੱਗੇ ਸਨ ਕਿ ਸਾਹਮਣੇ ਬਾਬਾ ਜੀ ਆ ਖੜ੍ਹੇ ਹੋਏ। ਬਾਬਾ ਜੀ ਨੇ ਹੁਕਮ ਕੀਤਾ ਕਿ ਅੱਜ ਹੀ ਪਹਾੜ ਤੇ ਜਾਣਾ ਹੈ, ਤੁਸੀਂ ਗੱਡੀ ਵਿੱਚ ਬੈਠੋ। ਸਾਈਕਲ ਗੁਰਦੇਵ ਸਿੰਘ ਜੀ ਨੇ ਪ੍ਰੇਮ ਸਿੰਘ ਨੂੰ ਦੇ ਦਿੱਤਾ ਤੇ ਉਹ ਗਿਦੜੀ ਚਲਾ ਗਿਆ ਉਹਨਾਂ ਦੀ ਸਿੰਘਣੀ ਦੀ ਖਬਰ ਲੈਣ ਲਈ। ਉਹ ਆਪ ਕਾਰ ਵਿੱਚ ਬੈਠ ਕੇ ਸ੍ਰੀ ਭੈਣੀ ਸਾਹਿਬ ਆ ਗਏ।

ਇਸ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ੧੩-੧੦-੧੯੯੮ ਦੇ ਉਪਦੇਸ਼ ਵਿੱਚ ਇਸ ਤਰ੍ਹਾਂ ਫਰਮਾਉਂਦੇ ਹਨ।

"ਗੁਰਦੇਵ ਸਿੰਘ ਸੱਚੇ ਪਾਤਸ਼ਾਹ ਦਾ ਡਰਾਈਵਰ ਤੇ ਸੈਕਟਰੀ ਵੀ ਰਿਹੈ, ਰਾਮਪੁਰ ਪਿੰਡ ਦਾ ਹੈ। ਬੜੀ ਇਹੋ ਜਿਹੀ ਗੱਲ ਹੈ ਸਮਾ ਬੜਾ ਲਗਦਾ ਹੈ। ਇਹਦਾ ਪਹਿਲਾ ਵਿਆਹ ਹੋਇਆ ਸੀ ਖੁੱਲਿਆਂ ਵਲ। ਸਾਡਾ ਬੜਾ ਪਿਆਰ ਸੀ ਆਪਸ ਵਿੱਚ। ਸੱਚੇ ਪਾਤਸ਼ਾਹ ਪਾਲਮ ਪੁਰ ਗਏ ਤੇ ਹੁਕਮ ਆਇਆ ਕਿ ਤੁਸਾਂ ਆਉਣੈ। ਮੈਂ ਆਖਿਆ ਬਈ ਆਪਾਂ ਚਲੀਏ ਪਰ ਗੁਰਦੇਵ ਨੂੰ ਲੈ ਲਈਏ ਨਾਲ। ਅਸੀ ਪਿੰਡ ਗਏ, ਉਹ ਕਹਿੰਦੇ ਉਹ ਤੇ ਸਹੁਰੀਂ ਗਿਐ। ਅਸਾਂ ਗੱਡੀ

ਉਧਰ ਨੂੰ ਤੋਰ ਲਈ। ਇਹ ਗਿਦੜੀ ਖੁਮਾਣੀ ਪਿੰਡ ਦੇ ਰਾਹ ਵਿੱਚ, ਇਹ ਇੱਕ ਮੀਲ ਪਿੰਡੋਂ ਬਾਹਰ ਪਜਾਮਾ ਪਾ ਕੇ ਉਥੇ ਜਾਣ ਲਈ ਤਿਆਰ ਹੋਣ ਡਿਹਾ ਸੀ। ਉਥੋਂ ਹੀ ਨਾਲ ਬਹਾ ਲਿਆ ਗੱਡੀ ਤੇ, ਉਥੋਂ ਵਾਪਸ ਸਾਡੇ ਨਾਲ ਆ ਗਿਆ। ਉਹ ਫੇਰ ਵਿੱਚਾਰੀ ਬਿਮਾਰ ਹੋ ਗਈ ਚੜ੍ਹਾਈ ਕਰ ਗਈ। ਹੁਣ ਸਾਡੇ ਮਾਮੇ ਦੀ ਲੜਕੀ ਹੈ ਉਹਦੇ ਵਲ ਵਿਆਹੀ ਹੋਈ। ਗੁਰਦੇਵ ਸਿੰਘ ਤੇ ਮੈਂ ਅਸੀਂ ਸਾਰੇ ਇੱਕੱਠੇ ਹੋ ਕੇ ਏਥੇ ਚੁਬਾਰਾ ਹੁੰਦਾ ਸੀ ਇੱਕ ਸਕੂਲ ਤੇ, ਉੱਥੇ ਬਹਿਕੇ ਕੂਕਾ ਆਊਟ ਬ੍ਰੇਕ ਦਾ ਤਰਜਮਾ ਕਰਦੇ ਹੁੰਦੇ ਸਾਂ। ਇਹ ਗੁਰਦੇਵ ਸਿੰਘ, ਬੜੀ ਇਹਨਾਂ ਨੇ ਡਾਇਰੀਆਂ ਲਿਖੀਆਂ ਨੇ, ਬਹੁਤ ਯਾਦਾਸ਼ਤ ਹੈ ਇਹਨਾਂ ਦੀ। ਕਈ ਸਾਲ ਗੱਡੀ ਚਲਾਈ ਹੈ ਸਤਿਗੁਰਾਂ ਦੀ। ਮੇਰੇ ਨਾਲ ਭੀ ਬੜਾ ਚਿਰ ਰਿਹਾ ਹੈ। ਬਹੁਤ ਠੰਡੇ ਸੁਭਾਅ ਦਾ ਆਦਮੀ ਹੈ।"

ਪਾਲਮਪੁਰ ਦੇ ਦੌਰੇ ਬਾਰੇ ਗੁਰਦੇਵ ਸਿੰਘ ਜੀ ਆਪ ਇਸ ਤਰ੍ਹਾਂ ਬਿਆਨ ਕਰਦੇ ਹਨ।

ਸ਼ਾਮ ਨੂੰ ਪੰਡਤ ਰਜਿੰਦਰ ਸਿੰਘ, ਕੁੰਦਣ ਸਿੰਘ ਨਕਈ, ਗਿਆਨੀ ਬਲਵੰਤ ਸਿੰਘ, ਪ੍ਰੀਤਮ ਸਿੰਘ ਕਵੀ, ਹਜੂਰ ਸਿੰਘ, ਚੰਦਰ ਹੰਸ, ਦਲੀਪ ਸਿੰਘ ਧਰੂ, ਲਾਂਗਰੀ ਪ੍ਰੇਮ ਸਿੰਘ, ਬਾਬਾ ਜਗਜੀਤ ਸਿੰਘ ਜੀ, ਬਾਬਾ ਬੀਰ ਸਿੰਘ ਜੀ ਤੇ ਮੈਂ ਗੁਰਬਖਸ਼ ਸਿੰਘ ਅਮਲੀ ਦੀ ਕਮਾਂਡ ਹੇਠ, ਅਪਾਣੀ ਲਾਰੀ ਉੱਤੇ ਰੇਲਵੇ ਸਟੇਸ਼ਨ ਤੇ ਪਹੁੰਚੇ, ਉਥੋਂ ਰੇਲ ਗੱਡੀ ਤੇ ਹੁਸ਼ਿਆਰਪੁਰ ਗਏ। ਰਾਤ ਸਰਾਂ ਵਿੱਚ ਰਹੇ ਤੇ ਅਗਲੇ ਦਿਨ ਲਈ ਲੰਗਰ ਪਾਣੀ ਤਿਆਰ ਕੀਤਾ। ਅਗਲੇ ਦਿਨ ਬੱਸ ਰਾਹੀਂ ਚੱਲੇ ਬਿਆਸ ਦਰਿਆ ਕਿਸ਼ਤੀਆਂ ਰਾਹੀਂ ਪਾਰ ਕਰਕੇ ਡੇਰਾ ਗੋਪੀਪੁਰ ਤੋਂ ਬੱਸ ਰਾਹੀਂ ਪਾਲਮਪੁਰ ਜਾਣਾ ਸੀ। ਬੱਸ ਵਾਲੇ ਨੂੰ ਕਿਹਾ ਕਿ ਅਗਲੀਆਂ ਦੋ ਸੀਟਾਂ ਦੋਨਾਂ ਬਾਬਿਆਂ-ਮਹਾਰਾਜ ਬੀਰ ਸਿੰਘ ਅਤੇ ਬੇਅੰਤ ਜੀ (ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ) ਲਈ ਦੇ ਦੇਵੇ। ਉਹ ਕਹਿੰਦਾ ਕਿ ਮੇਰੇ ਨਾਲ ਉਥੋਂ ਦੇ ਥਾਣੇਦਾਰ ਤੇ ਥਾਣੇਦਾਰਨੀ ਨੇ ਜਾਣਾ ਹੈ। ਇਸ ਲਈ ਮੈਨੂੰ ਮਜਬੂਰੀ ਹੈ, ਜੇ ਮੈਂ ਇਹਨਾਂ ਨੂੰ ਸੀਟਾਂ ਦਿਆਗਾਂ ਤਾਂ ਮੇਰਾ ਚਲਾਨ ਕਰ ਦੇਣਗੇ ਤੇ ਮੈਨੂੰ ਖਰਾਬ ਕਰਿਆ ਕਰਨਗੇ। ਇਸ ਲਈ ਡਰਾਈਵਰ ਦੀਆਂ ਮਗਰ ਦੀਆਂ ਸੀਟਾਂ ਤੇ ਸਾਰੇ ਬੈਠ ਗਏ। ਥਾਣੇਦਾਰ ਤੇ ਉਸ ਦੀ ਘਰ ਵਾਲੀ ਡਰਾਈਵਰ ਦੇ ਬਰਾਬਰ ਬੈਠੇ ਸਨ। ਅਜੇ ਥੋੜ੍ਹੀ ਦੂਰ ਹੀ ਗਏ ਸੀ ਕਿ ਰਸਤੇ ਵਿੱਚ ਸੜਕ ਦੇ ਵਿਚਾਲੇ

ਇੱਕ ਗਧਾ (ਖੋਤਾ) ਤੁਰਿਆ ਜਾਂਦਾ ਸੀ। ਰਜਿੰਦਰ ਸਿੰਘ ਤਾਂ ਭੁੱਲ ਹੀ ਗਿਆ ਕਿ ਸਾਡੇ ਨਾਲ ਥਾਣੇਦਾਰ ਤੇ ਉਸ ਦੀ ਘਰਵਾਲੀ ਬੈਠੇ ਹਨ। ਉਸ ਨੇ ਜ਼ੋਰ ਨਾਲ ਉੱਚੀ ਅਵਾਜ਼ ਵਿੱਚ ਕਿਹਾ, ਵੇਖੀਂ ਡਰਾਈਵਰਾ ਕਿਤੇ ਥਾਣੇਦਾਰ ਨੂੰ ਨਾ ਮਾਰ ਦੇਈਂ। ਨਾਲ ਦਿਆਂ ਨੇ ਵੀ ਬੜੀ ਖਿੱਲੀ ਉਡਾਈ। ਥਾਣੇਦਾਰ ਤੇ ਉਸ ਦੀ ਘਰ ਵਾਲੀ ਬੜੇ ਸ਼ਰਮਿੰਦੇ ਹੋਏ ਤੇ ਚੁੱਪ ਕਰ ਕੇ ਬੈਠੇ ਰਹੇ। ਅਸੀਂ ਪ੍ਰੋਗਰਾਮ ਮੁਤਾਬਕ ਸ਼ਾਮ ਨੂੰ ਪਾਲਮਪੁਰ ਪਹੁੰਚ ਗਏ। ਉੱਥੇ ਅਗੇ ਸ: ਅਨੂਪ ਸਿੰਘ ਥਾਣੇ ਦਾਰ ਲੱਗਾ ਹੋਇਆ ਸੀ। ਉਸ ਦਾ ਘਰ ਮੇਨ ਸੜਕ ਦੇ ਬਿਲਕੁਲ ਨਾਲ ਹੀ ਸੀ। ਉਨ੍ਹਾਂ ਦਾ ਵੀ ਨਵਾਂ-ਨਵਾਂ ਵਿਆਹ ਹੋਇਆ ਸੀ। ਸ: ਅਨੂਪ ਸਿੰਘ ਹੁਰਾਂ ਦੇ ਘਰੋਂ ਬੀਬੀ ਸੰਤ ਕੌਰ ਸ: ਸੋਹਣ ਸਿੰਘ ਥਰਾਜ ਵਾਲਿਆਂ ਦੀ ਭੈਣ ਸੀ ਅਤੇ ਮਾਤਾ ਜੀਵਨ ਕੌਰ ਦੇ ਭਤੀਜੇ ਦੀ ਲੜਕੀ ਸੀ। ਥਾਣੇਦਾਰ ਦੀ ਉਨ੍ਹਾਂ ਦਿਨਾਂ ਵਿੱਚ ੧੫੦ ਰੁਪਏ ਤਨਖਾਹ ਹੁੰਦੀ ਸੀ। ਅਗਲੇ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਉੱਥੇ ਆ ਗਏ। ਮੰਡੀ ਨੂੰ ਜਾਣ ਵਾਸਤੇ ਉਦੋਂ ਰਸਤਾ ਇਹੋ ਹੀ ਹੁੰਦਾ ਸੀ। ਸਤਿਗੁਰੂ ਜੀ, ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਤੇ ਮਹਾਰਾਜ ਬੀਰ ਸਿੰਘ ਜੀ ਨੂੰ ਆਪਣੇ ਨਾਲ ਮੰਡੀ ਲੈ ਗਏ। ਅਸੀਂ ਸਾਰੇ ਪਾਲਮਪੁਰ ਰਹੇ। ਉਹ ਕੁੱਲੂ ਮਨਾਲੀ ਤੋਂ ਅੱਗੇ ਸੈਰ ਕਰਦੇ ਹੋਏ ਮੰਡੀ, ਕੋਠੀ ਆ ਗਏ, ਜੋ ਕਿਰਾਏ ਤੇ ਲਈ ਹੋਈ ਸੀ।

ਪਾਲਮਪੁਰ ਸਾਡੇ ਕੋਲ ੧੫-੧੬ ਰੁਪੱਏ ਸਨ ਜੋ ਕੁਝ ਖੋਟੇ ਤੇ ਕੁਝ ਖਰੇ ਸਨ। ਅਸੀਂ ਰੋਜ਼ ੧ ਰੁਪੱਏ ਦੀ ਅੰਬਾਂ ਦੀ ਟੋਕਰੀ ਲੈਣੀ ਅਤੇ ਸਾਰਿਆਂ ਨੇ ਖੱਡ ਤੇ ਬਹਿ ਕੇ ਚੂਪਣੀ। ਇੱਕ ਹਫਤੇ ਬਾਅਦ ਸਾਨੂੰ ਵੀ ਹੁਕਮ ਆ ਗਿਆ ਕਿ ਮੰਡੀ ਪਹੁੰਚ ਜਾਉ। ਹੁਕਮ ਸੁਣਕੇ ਸਭ ਨੂੰ ਚਾਅ ਚੜ੍ਹ ਗਿਆ ਤੇ ਅਸੀਂ ਸਾਰੇ ਬੱਸ ਰਾਹੀ ਮੰਡੀ ਚਲੇ ਗਏ। ਉਥੋਂ ਰੁਆਲਸਰ, ਸਕੇਤ ਵਗੈਰਾ ਸਾਰੇ ਫਿਰਦੇ ਤੁਰਦੇ ਰਹੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕੋਠੀ ੧੫-੨੦ ਦਿਨ ਰਹੇ। ਜਦੋਂ ਅਸੀਂ ਵਾਪਸ ਭੈਣੀ ਸਾਹਿਬ ਆਏ ਤਾਂ ਮੈਨੂੰ ਰਜਿੰਦਰ ਸਿੰਘ ਡਰਾਈਵਰ ਨੇ ਦੱਸਿਆ ਕਿ ਗੁਰਦਿਆਲ ਕੌਰ ਤੁਹਾਡੀ ਪਤਨੀ ਗਿਦੜੀ ਚੜ੍ਹਾਈ ਕਰ ਗਈ ਹੈ। ਉਸ ਤੋਂ ਬਾਅਦ ਮੈਂ ਤੇ ਗੁਰਬਖਸ਼ ਸਿੰਘ ਦੋਨੋ ਬਾਬਾ ਜੀ ਦੀ ਸੇਵਾ ਤੇ ਲੱਗੇ। ਲਾਂਗਰੀ ਭਾਈ ਪ੍ਰੇਮ ਸਿੰਘ ਚਾਟੀ ਹੁੰਦਾ ਸੀ ਕੋਠੀ ਦੇ ਲੰਗਰ ਵਿੱਚ, ਬਾਕੀ ਸਾਰਾ ਪ੍ਰਬੰਧ ਗੁਰਬਖਸ਼ ਸਿੰਘ ਅਮਲੀ ਦਾ ਹੁੰਦਾ ਸੀ। ਗੁਰਬਖਸ਼ ਸਿੰਘ ਆਪ ਅਮਲੀ ਨਹੀਂ ਸੀ, ਉਸ ਦਾ ਪਿਤਾ ਕਿਸ਼ਨ ਸਿੰਘ ਅਫੀਮ ਖਾਂਦਾ ਸੀ।

ਅਫੀਮ ਦਾ ਅਮਲੀ ਹੋਣ ਕਰਕੇ ਇਸ ਨੂੰ ਗੁਰਬਖਸ਼ ਸਿੰਘ ਅਮਲੀ ਕਹਿੰਦੇ ਸਾਂ। ਮਾਸਟਰ ਬਲਵੰਤ ਸਿੰਘ ਦਾ ਵੀ ਕੋਠੀ ਡੇਰਾ ਹੁੰਦਾ ਸੀ। ਉਹ ਸਤਿਜੁਗ ਦਾ ਐਡੀਟਰ ਤੇ ਹੋਰ ਸਾਰੇ ਗੁਰਦੁਆਰੇ ਦੇ ਪ੍ਰਬੰਧ ਦਾ ਕੰਮ ਕਰਦਾ ਸੀ ਤੇ ਮੈਂ ਉਸ ਨਾਲ ਸਹਾਇਕ ਦਾ ਕੰਮ ਕਰਦਾ ਸੀ। ਉਨ੍ਹਾਂ ਦਿਨਾਂ ਵਿੱਚ ਸਤਿਜੁਗ ੧੫੦੦ ਦੇ ਕਰੀਬ ਛਪਦਾ ਸੀ, ਹਫਤੇ ਬਾਅਦ। ਸਤਿਜੁਗ ਦਾ ਚੰਦਾ ੫ ਰੁਪੱਏ ਸਾਲ ਦਾ ਹੁੰਦਾ ਸੀ। ਪੋਸਟ ਮਾਸਟਰ ਲੁੱਦੜ ਰਾਮ ਸੀ, ਜਿਸ ਨੂੰ ੫ ਰੁਪੱਏ ਮਹੀਨਾ ਤਨਖਾਹ ਮਿਲਦੀ ਸੀ ਭੈਣੀ ਸਾਹਿਬ।

## ਡਾਕ ਕਿਸ ਤਰ੍ਹਾਂ ਆਉਂਦੀ ਸੀ

ਲੁਧਿਆਣੇ ਤੋਂ ਡਾਕ ਵਾਲਾ ਟਾਂਗਾ ਜੀ. ਟੀ. ਰੋਡ, ਸਾਨ੍ਹੇ ਵਾਲ, ਡਾਕ ਦੇ ਕੇ ਕੁਹਾੜੇ ਆਉਂਦਾ ਸੀ। ਏਥੇ ਘੋੜਾ ਬਦਲੀ ਹੁੰਦਾ ਸੀ, ਟਾਂਗਾ ਉਹੀ ਰਹਿੰਦਾ ਸੀ ਜੋ ਸਮਰਾਲੇ ਤੱਕ ਜਾਂਦਾ ਸੀ। ਕੁਹਾੜੇ ਤੋਂ ਕਟਾਣੀ ਡਾਕ ਵਾਲੇ ਥੈਲੇ ਲਾਹ ਕੇ, ਬਾਕੀ ਡਾਕ ਸਮਰਾਲੇ ਲੈ ਜਾਂਦਾ ਸੀ। ਕਟਾਣੀ ਤੋਂ ਇੱਕ ਨੌਜਵਾਨ ਮੁੰਡਾ ਡਾਕ ਦੇ ਥੈਲੇ ਲੈ ਕੇ ਪੈਦਲ ਕੋਟ ਗੰਗੂ ਰਾਏ ਤੋਂ ਭੈਣੀ ਸਾਹਿਬ, ਫੇਰ ਕੂੰਮ ਕਲਾਂ, ਡਾਕ ਵੰਡਦਾ ਜਾਂਦਾ ਸੀ ਤੇ ਲੈ ਕੇ ਵੀ ਜਾਂਦਾ ਸੀ। ਜਿਹੜਾ ਟਾਂਗਾ ਸਮਰਾਲੇ ਤੋਂ ਵਾਪਸ ਆਉਂਦਾ ਸੀ ਉਹ ਕਟਾਣੀ ਤੋਂ ਫੇਰ ਸਾਰੀ ਡਾਕ ਇਕੱਠੀ ਕਰਕੇ ਵਾਪਸ ਜਾਂਦਾ ਸੀ। ਪੋਸਟ ਕਾਰਡ ਸਿੰਗਲ ੨ ਪੈਸੇ ਦਾ ਡਬਲ ਇੱਕ ਆਨੇ ਦਾ, ਲਿਫਾਫਾ ਵੀ ਇੱਕ ਆਨੇ ਦਾ ਹੁੰਦਾ ਸੀ। ਜਦੋਂ ਭੈਣੀ ਸਾਹਿਬ ਤੋਂ ਸਤਿਜੁਗ ਜਾਂਦਾ ਸੀ ਤਾਂ ਇੱਕ ਪੈਸੇ ਦੀ ਟਿਕਟ ਲਗਦੀ ਸੀ।

## ਇੰਗਲਿਸ਼ ਦੀ ਪੜ੍ਹਾਈ

੧੯੩੬ ਵਿੱਚ ਗੁਰਦੇਵ ਸਿੰਘ ਨੇ ਬਾਬਾ ਬੀਰ ਸਿੰਘ ਜੀ ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਤੇ ਪ੍ਰੀਤਮ ਸਿੰਘ ਕਵੀ ਨੂੰ ਇੰਗਲਿਸ਼ ਪੜ੍ਹਾਉਣੀ ਸ਼ੁਰੂ ਕੀਤੀ। ਤਿੰਨ ਡੈਸਕ, ਜਿਸ ਤਰ੍ਹਾਂ ਆੜ੍ਹਤੀਆਂ ਦੇ ਮੁਨੀਮਾਂ ਵਾਲੇ ਹੁੰਦੇ ਹਨ, ਜ਼ਮੀਨ ਤੇ ਬੈਠ ਕੇ ਪੜ੍ਹਨ ਵਾਸਤੇ ਸੰਤਾ ਸਿੰਘ ਬੇਲਾ, ਵਰਿਆਮ ਸਿੰਘ ਮੁਸੱਬਰ ਦੇ ਸਾਲੇ ਨੇ ਬਣਾ ਕੇ ਦਿੱਤੇ ਹਨ। ਪੜ੍ਹਾਈ ਚੰਗੀ ਚਲਦੀ ਰਹੀ। ਭੈਣੀ ਸਾਹਿਬ ਕੁਝ ਚਿਰ ਮਗਰੋਂ ਮਾਸਟਰ ਬਾਲਕ ਰਾਮ ਇਨ੍ਹਾਂ ਨੂੰ ਪੜ੍ਹਾਉਣ ਵਾਸਤੇ ਰੱਖਿਆ,

ਪਰ ਉਹ ਥੋੜ੍ਹਾ ਚਿਰ ਰਹਿ ਕੇ ਭਗਤ ਸਿੰਘ ਚੀਕੂ ਨਾਲ ਲੜਕੇ ਚਲਾ ਗਿਆ। ਥੋੜ੍ਹੇ ਸਮੇਂ ਮਗਰੋਂ ਗੁਜਰਾਂ ਵਾਲੇ ਤੋਂ ਨੱਥਾ ਸਿੰਘ ਜਾਚਕ, ਇੱਕ ਭਗਵਿਆਂ ਕਪੜਿਆਂ ਵਾਲੇ ਸਾਧ ਨੂੰ ਲੈ ਆਇਆ। ਇਹ ਸਾਧ ਪਹਿਲਾਂ ਇੰਗਲੈਂਡ ਵਿੱਚ ਸਰਵਿਸ ਕਰਦਾ ਹੁੰਦਾ ਸੀ। ਸਭ ਕੁਝ ਛੱਡ ਕੇ ਸਾਧ ਹੋ ਗਿਆ ਸੀ ਤੇ ਭੈਣੀ ਸਾਹਿਬ ਆ ਗਿਆ ਸੀ। ਇਸ ਦਾ ਨਾਂ ਮਹਿਤਾ ਭੋਲਾ ਨਾਥ ਸੀ। ਫੇਰ ਇਹ ਸਾਰੇ ਇਸ ਕੋਲੋਂ ਇੰਗਲਿਸ਼ ਪੜ੍ਹਨ ਲੱਗ ਪਏ। ਇੰਗਲਿਸ਼ ਪੜ੍ਹਨ ਵਾਲੀਆਂ ਕਿਤਾਬਾਂ, ਜਿਵੇਂ Everyday English for Students ਬੰਬਈ ਤੋਂ ਡਾਕ ਰਾਹੀ ਮੰਗਾਈਆਂ ਸਨ। ਮਹਿਤਾ ਜੀ ਦਾ ਡੇਰਾ ਪਰੈਸ ਵਾਲੇ ਚੁਬਾਰੇ ਵਿੱਚ ਹੁੰਦਾ ਸੀ। ਗੁਸਾਈਆਣਾ ਜੋ ਭੈਣੀ ਸਾਹਿਬ ਤੋਂ ਡੇਢ ਕੁ ਮੀਲ ਤੇ ਡੇਰਾ ਸੀ ਉੱਥੇ ਇਹ ਇਸ਼ਨਾਨ ਕਰਨ ਰੋਜ਼ ਜਾਂਦਾ ਸੀ। ਇੰਗਲੈਂਡ ਰਹਿਣ ਕਰਕੇ ਇੰਗਲਿਸ਼ ਅੱਛੀ ਜਾਣਦਾ ਸੀ। ਪਹਿਲਾਂ ਇਹ ਮੋਨਾ ਸਿੱਖ ਸੀ ਪਰ ਸਾਲ ਦੋ ਸਾਲ ਬਾਅਦ ਕੇਸ ਦਾੜ੍ਹੀ ਰੱਖ ਕੇ ਭਜਨ ਪੁੱਛ ਲਿਆ ਸੀ।

ਉਨ੍ਹਾਂ ਦਿਨਾਂ ਵਿੱਚ ਜਲੰਧਰ ਦਾ ਮਾਸਟਰ ਹਰੀਸ਼ ਚੰਦਰ ਕੂਕਾ ਆਊਟ ਬਰੇਕ ਦਾ ਬਹੁਤ ਸਾਰਾ ਲਿਟਰੇਚਰ ਇੰਗਲੈਂਡ ਤੋਂ ਲੈ ਕੇ ਆਇਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਦੇਵ ਸਿੰਘ ਨੂੰ ਹੁਕਮ ਕੀਤਾ ਕਿ ਇੰਗਲਿਸ਼ ਤੋਂ ਪੰਜਾਬੀ ਵਿੱਚ ਇਸ ਲਿਟਰੇਚਰ ਦਾ ਤਰਜਮਾ ਕਰੋ, ਇੰਦਰ ਸਿੰਘ ਚੱਕਰਵਰਤੀ ਲਈ, ਕਿਉਂਕਿ ਚੱਕਰਵਰਤੀ ਜੀ ਇੰਗਲਿਸ਼ ਨਹੀ ਸੀ ਜਾਣਦੇ। ਗੁਰਦੇਵ ਸਿੰਘ ਹੁਰਾਂ ਨੇ ਡੇਢ ਕੁ ਮਹੀਨੇ ਵਿੱਚ ਸਾਰਾ ਤਰਜਮਾ ਕਰ ਦਿੱਤਾ।

## ਗੋਲ ਛੱਪਰ

ਗੋਲ ਮੰਦਰ (ਛੱਪਰ) ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰੀਰ ਛੱਡਿਆ ਸੀ, ਜਦੋਂ ਉਹ ਬਣਾਇਆ ਸੀ ਤਾਂ ਥਮਲਿਆਂ ਉੱਤੇ ਫੱਟਿਆਂ ਦੀ ਛੱਤ ਪਾ ਕੇ ਉਸ ਉੱਤੇ ਢਾਲਵੀ ਸਰਕੜੇ ਦੀ ਛੱਤ ਪਾ ਕੇ, ਚਾਰੇ ਪਾਸੇ ਚਾਰ ਰੋਸ਼ਨਦਾਨ ਰੱਖੇ ਸਨ। ਇਸ ਤਰ੍ਹਾਂ ਏਥੇ ਇੱਕ ਨਿੱਕਾ ਜਿਹਾ ਕਮਰਾ ਬਣ ਗਿਆ ਸੀ। ਫੱਟਿਆਂ ਵਾਲੀ ਛੱਤ ਉੱਤੇ ਚੜ੍ਹਨ ਲਈ ਇੱਕ ਪਾਸੇ ਇੱਕ ਰਸਤਾ ਬਣਾਇਆ ਸੀ। ਛੋਟੀ ਜਿਹੀ ਬਾਂਸ ਦੀ ਪੌੜੀ ਨਾਲ ਉੱਤੇ ਚੜ੍ਹਕੇ ਫੱਟਾ ਬੰਦ ਕਰ ਦਿੰਦੇ ਸੀ। ਉੱਤੇ ਖਾਸ ਭੇਤ ਵਾਲੀਆਂ ਚੀਜ਼ਾਂ ਦਾ ਗੁਪਤ ਰੀਕਾਰਡ, ਅੰਗਰੇਜ਼ਾਂ ਤੋਂ

ਜ਼ਬਤ ਹੋਣ ਦੇ ਡਰੋਂ ਰੱਖਿਆ ਹੁੰਦਾ ਸੀ, ਉੱਤੇ ਗੁਰਦੇਵ ਸਿੰਘ ਤੇ ਮਹਾਰਾਜ ਬੀਰ ਸਿੰਘ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਜਾਂਦਾ। ਅੱਜ ਕੱਲ੍ਹ ਰੋਸ਼ਨਦਾਨ ਤਾਂ ਹੈ ਨਹੀਂ ਸਾਫ਼ ਛੱਤ ਹੀ ਹੈ। ਇਸੇ ਗੋਲ ਛੱਪਰ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਰੀਰ ਦਾ ਤਿਆਗ ਕੀਤਾ ਸੀ।

## ਕਾਰਾਂ ਦਾ ਵੇਰਵਾ

ਲੰਗਰ ਦੀ ਉਗਰਾਹੀ ਦੇ ਦਾਣੇ ਦੂਰ ਦੂਰ ਥਾਵਾਂ ਤੋਂ ਸ੍ਰੀ ਭੈਣੀ ਸਾਹਿਬ ਲਿਆਉਣ ਵਾਸਤੇ ਇੱਕ ਲਾਰੀ ਦੀ ਬਹੁਤ ਜ਼ਰੂਰਤ ਸੀ। ਸੰਨ ੧੯੩੬ ਵਿੱਚ ਸ਼ਿਵਰਲੈਟ ਕੰਪਨੀ ਤੋਂ ਇੱਕ ਚੇਸਿਸ ਸਤਾਈ ਸੌ ਰੁਪੱਏ ਦੀ ਖਰੀਦੀ। ਜੰਮੂ ਵਾਲੇ ਸਿੰਘਾਂ ਨੇ ਤਿੰਨ ਸੌ ਰੁਪੱਏ ਵਿੱਚ ਇਸ ਦੀ ਬਾਡੀ ਬਣਾ ਦਿੱਤੀ।

ਸਰਹਿੰਦ ਨਹਿਰ ਦੇ ਕੰਢੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇੱਕ ਡੇਰਾ ਬਣਾਇਆ ਹੋਇਆ ਸੀ ਜਿਸ ਵਿੱਚ ਸੱਚੇ ਪਾਤਸ਼ਾਹ ਜੀ ਆਪਣਾ ਚਾਲ੍ਹੀ ਦਿਨਾਂ ਪ੍ਰਯੋਗ ਕਰਦੇ ਹੁੰਦੇ ਸਨ। ਇਹ ਉਸ ਵੇਲੇ ਪਟਿਆਲਾ ਸਟੇਟ ਵਿੱਚ ਪੈਂਦਾ ਸੀ ਅਤੇ ਡੇਰਾ ਢੰਡਾ ਕਰਕੇ ਜਾਣਦੇ ਸਨ। ਇਸੇ ਡੇਰੇ ਦੇ ਅਡਰੈਸ ਤੇ ਇਹ ਲਾਰੀ ਪਾਸ ਕਰਾਉਣ ਲਈ ਗੁਰਦੇਵ ਸਿੰਘ ਜੀ ਪਟਿਆਲੇ ਗਏ। ਉੱਥੇ ਕੋਤਵਾਲੀ ਵਿੱਚ ਇਹਨਾਂ ਦਾ ਦੋਸਤ ਜਗਜੀਤ ਸਿੰਘ ਜ਼ੈਲਦਾਰ ਦਾ ਲੜਕਾ ਹੈਡ ਕਾਂਸਟੇਬਲ ਲੱਗਾ ਹੋਇਆ ਸੀ। ਉਸ ਦੀ ਮਦਦ ਨਾਲ ਇਹ ਲਾਰੀ ਲੋਡ ਐਂਡ ਪੈਸੇਂਜਰ ਵਾਸਤੇ ਪੰਦਰਾਂ ਰੁਪੱਏ ਫੀਸ ਦੇ ਕੇ ਰਜਿਸਟਰ ਕਰਵਾਈ। ਹੋਰ ਕੋਈ ਟੈਕਸ ਨਹੀਂ ਸੀ। ਲਾਰੀ ਦਾ ਨੰਬਰ ਪੀ. ਐਸ. ੧੩੫੬ ਸੀ। ਜੇਕਰ ਸਵਾਰੀਆਂ ਲੈ ਜਾਣੀਆਂ ਹੋਣ ਤਾਂ ਅੰਦਰ ਫੱਟੇ ਰੱਖ ਕੇ ਉੱਤੇ ਨਾਰੀਅਲ ਦੇ ਗੱਦੇ ਰੱਖ ਲੈਂਦੇ ਸਨ ਅਤੇ ਜੇਕਰ ਬੋਰੀਆਂ ਲੱਦਣੀਆਂ ਹੋਣ ਤਾਂ ਫੱਟੇ ਤੇ ਗੱਦੇ ਛੱਤ ਤੇ ਰੱਖ ਦੇਂਦੇ ਸਨ।

ਇਸ ਗੱਡੀ ਤੇ ਲਾਇਲ ਪੁਰ, ਸਿਆਲਕੋਟ, ਲਾਹੌਰ ਅਤੇ ਹੋਰ ਦੂਰ ਦੁਰਾਡੇ ਥਾਵਾਂ ਤੋਂ ਉਗਰਾਹੀ ਲੈ ਕੇ ਆਉਂਦੇ ਸਨ। ਰਜਿੰਦਰ ਸਿੰਘ (ਆਤੀ ਦਾ ਪੁੱਤਰ) ਇਸ ਲਾਰੀ ਦਾ ਡਰਾਈਵਰ ਸੀ। ਇਹ ਬਹੁਤ ਵਧੀਆ ਅਖੰਡ ਪਾਠੀ ਸੀ। ਉਗਰਾਹੀ ਦੌਰਾਨ ਪਹਿਲਾਂ ਸਵੇਰੇ ਉਸ ਨੇ ਬਾਣੀਆਂ ਦਾ ਪਾਠ ਕਰਨਾ ਅਤੇ ਫੇਰ ਬੋਲੀਆਂ ਪਾਉਣੀਆਂ, ਕਹਿਣਾ "ਮੈਂ ਹੁਣ ਜਾਗ ਲਾ ਰਿਹਾ ਹਾਂ" ਮਾਤਾ

ਜੀਊਣ ਕੌਰ ਜੀ ਕੋਲ ਉਸ ਦੀ ਸ਼ਕਾਇਤ ਹੋਈ ਤਾਂ ਕਹਿੰਦਾ,"ਮਾਤਾ ਜੀ ਜੇ ਬੋਲੀਆਂ ਨਾ ਪਾਈਏ ਤਾਂ ਹੱਸ ਖੇਡ ਨਹੀ ਹੁੰਦਾ। ਐਕਸੀਡੈਂਟ ਤੋਂ ਡਰਦੇ ਹੱਸਦੇ ਖੇਡਦੇ ਬੋਲੀਆਂ ਪਾਉਂਦੇ ਹਾਂ ਤਾਂ ਕਿ ਨੀਂਦ ਨਾ ਆਵੇਂ"। ਮਾਤਾ ਜੀ ਨੇ ਹੱਸ ਕੇ ਉਸ ਨੂੰ ਮੁਆਫ ਕਰ ਦਿੱਤਾ।

ਇੱਕ ਚਾਰ ਸਿਲੈਂਡਰ ਵਾਲੀ ੧੯੨੮ ਮਾਡਲ ਦੀ ਸ਼ਿਵਰਲੈਟ ਕਾਰ ਵੀ ਸੀ। ਗੁਰਦੇਵ ਸਿੰਘ ਹੁਰਾਂ ਨੇ ਇਸੇ ਗੱਡੀ ਤੇ ਡਰਾਈਵਿੰਗ ਸਿੱਖੀ ਸੀ। ਸੰਨ ੧੯੩੮ ਵਿੱਚ ਉਹਨਾਂ ਲੁਧਿਆਣੇ ਤੋਂ ਡਰਾਈਵਿੰਗ ਲਾਈਸੈਂਸ ਬਣਵਾਇਆ ਜਿਸ ਉੱਤੇ ਕੁੱਲ ਖਰਚਾ ਦਸ ਰੁਪੱਏ ਹੋਇਆ। ਬਾਬਾ ਜਗਜੀਤ ਸਿੰਘ ਜੀ, ਬਾਬਾ ਬੀਰ ਸਿੰਘ ਜੀ, ਸ਼ਮਸ਼ੇਰ ਸਿੰਘ ਜੀ, ਬਲੋਜੀ, ਗੁਰਬਖਸ਼ ਸਿੰਘ ਅਤੇ ਗੁਰਦੇਵ ਸਿੰਘ ਦੇ ਨਾਲ ਗੁੜਥਲੀ ਦੇ ਪੁਲ ਤੇ ਬਾਂਦਰ ਦੇਖਣ ਗਏ। ਸਾਰੇ ਮੁੰਡਿਆਂ ਨੇ ਰਲਕੇ ਇਹ ਮੌਜ ਮੇਲੇ ਦਾ ਪ੍ਰੋਗਰਾਮ ਬਣਾਇਆ ਸੀ। ਰਸਤੇ ਵਿੱਚ ਕੁਹਾੜੇ ਵਾਲਾ ਮੋੜ ਮੁੜਨ ਲੱਗਿਆਂ ਗੱਡੀ ਦੀ ਡਰਾਈਵਿੰਗ ਸ਼ਾਫਟ ਟੁੱਟ ਗਈ ਅਤੇ ਸਾਰਾ ਮਜ਼ਾ ਕਿਰਕਿਰਾ ਹੋ ਗਿਆ। ਅਖੀਰ ਭੈਣੀ ਸਾਹਿਬ ਤੋਂ ਲਾਰੀ ਲਿਆਂਦੀ ਅਤੇ ਉਸ ਦੇ ਪਿੱਛੇ ਬੰਨ੍ਹਕੇ ਸ਼ਿਵਰਲੈਟ ਗੱਡੀ ਲਿਆਂਦੀ। ਏਨੇ ਸਸਤੇ ਭਾ ਉਦੋਂ ਹੁੰਦੇ ਸਨ ਕਿ ਇਹ ਗੱਡੀ ਆਖੀਰ ਮਲੇਰਕੋਟਲੇ ਵਾਲੇ ਟੈਕਸੀ ਵਾਲੇ ਨੂੰ ਅੱਸੀ ਰੁਪਏ ਵਿੱਚ ਵੇਚ ਦਿੱਤੀ।

ਦੋ ਕਾਰਾਂ ਹੋਰ ਵੀ ਸਨ। ਇੱਕ ਰੋਲਜ਼ ਰਾਇਸ ਕਾਰ ਨੰਬਰ ਐਨ ਐਸ ੨੬੦ ਨਾਭੇ ਵਾਲੇ ਰਾਜੇ ਨੇ ਆਪਣੇ ਘਰ ਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਬੀੜ ਦੇ ਨਾਲ ਸਤਿਗੁਰੂ ਜੀ ਨੂੰ ਸੰਨ ੧੯੨੧ ਵਿੱਚ ਮੱਥਾ ਟੇਕੀ ਸੀ। ਇਸ ਦੀ ਬਾਡੀ ਲਕੜ ਦੀ ਸੀ। ਇਸ ਵਿੱਚ ਪੰਜ ਛੇ ਸਰੀਰਾਂ ਤੋਂ ਇਲਾਵਾ ਸਮਾਨ ਵੀ ਕਾਫੀ ਰੱਖਿਆ ਜਾ ਸਕਦਾ ਸੀ। ੧੯੪੭ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸੇ ਕਾਰ ਤੇ ਗੁਜਰਾਂਵਾਲੇ ਦਰਸ਼ਨ ਦਿੱਤੇ ਸਨ। ਇਸ ਦੇ ਪਹਿਲੇ ਡਰਾਈਵਰ ਸੁਰਮੁਖ ਸਿੰਘ ਜੀ ਭੋਮਾਵਡਾਲੇ ਦੇ ਸਨ। ਪਾਕਿਸਤਾਨ ਬਣਨ ਤੋਂ ਮਗਰੋਂ ਇਹ ਗੱਡੀ ਸ੍ਰੀ ਭੈਣੀ ਸਾਹਿਬ ਹੀ ਰਹੀ। ਫੇਰ ਇਸਦੀ ਬਾਡੀ ਵਿੱਚ ਹੀ ਗੁਰਦੇਵ ਸਿੰਘ ਜੀ ਨੇ ਆਪਣਾ ਦਫਤਰ ਬਣਾਇਆ ਹੋਇਆ ਸੀ, ਜਿਸ ਵਿੱਚ ਬੈਠ ਕੇ ਇਹ ਆਪਣਾ ਲਿਖਣ ਪੜ੍ਹਨ ਅਤੇ ਹੋਰ ਚਿੱਠੀ ਪੱਤਰ ਦਾ ਕੰਮ ਕਰਦੇ ਸਨ।

ਲਾਲ ਸਿੰਘ ਡਰਾਈਵਰ ਨੇ ਇੱਕ ਬਿਊਕ ਕਾਰ ਲਾਹੌਰ ਤੋਂ ਕਬਾੜੀਆਂ

ਕੋਲੋਂ ਢਾਈ ਸੌ ਰੁਪੱਏ ਵਿੱਚ ਖਰੀਦ ਕੇ ਲਿਆਂਦੀ। ਇਹ ਸੱਤ ਸੀਟਰ ਗੱਡੀ ਸੀ। ਸਾਰੇ ਕਹਿੰਦੇ ਸਨ ਕਿ ਪੰਜਾਹ ਰੁਪੱਏ ਮਹਿੰਗੀ ਲੈ ਆਂਦੀ ਹੈ। ਪੈਟਰੋਲ ਦਾ ਭਾਅ ਉਦੋਂ ਸਵਾ ਰੁਪੱਏ ਗੈਲਨ ਸੀ।

## ਸਲਾਨਾ ਜਪੁ ਪ੍ਰਯੋਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਜਿਹੜੇ ਸਰੀਰ ਜਪੁ ਪ੍ਰਯੋਗ ਵਿੱਚ ਲਗਦੇ ਸਨ, ਉਹ ਹਰਿ ਮੰਦਰ ਤੋਂ ਅੱਗੇ ਸ੍ਰੀ ਭੈਣੀ ਸਾਹਿਬ ਵੱਲ ਨਹੀਂ ਸਨ ਜਾ ਸਕਦੇ। ਉਹ ਰਾਮਸਰ ਹੀ ਰਹਿੰਦੇ ਸਨ। ਉੱਥੇ ਹੀ ਉਹਨਾਂ ਦੇ ਰਹਿਣ ਸਹਿਣ ਅਤੇ ਪ੍ਰਸ਼ਾਦੇ ਪਾਣੀ ਦਾ ਪ੍ਰਬੰਧ ਹੁੰਦਾ ਸੀ।

## ਜ਼ਿੰਮੇਵਾਰੀ

ਇੱਕ ਵਾਰੀ ਜਪੁ ਪ੍ਰਯੋਗ ਅਰੰਭ ਹੋਣ ਤੋਂ ਇੱਕ ਦਿਨ ਪਹਿਲਾਂ ਇੱਕ ਚਿੱਠੀ ਡਾਕ ਵਿੱਚ ਆਈ ਜਿਸ ਦਾ ਉੱਤਰ ਉਸੇ ਦਿਨ ਹੀ ਜਾਣਾ ਜ਼ਰੂਰੀ ਸੀ। ਸਤਿਗੁਰੂ ਜੀ ਉਸ ਦਿਨ ਨਹਿਰ ਦੇ ਡੇਰੇ ਯਾ ਕਿਤੇ ਹੋਰ ਗਏ ਹੋਏ ਸਨ। ਸ਼ਾਮ ਨੂੰ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਆਏ ਤਾਂ ਗੁਰਦੇਵ ਸਿੰਘ ਜੀ ਨੇ ਉਸ ਚਿੱਠੀ ਦਾ ਉੱਤਰ ਸਤਿਗੁਰੂ ਜੀ ਨੂੰ ਸੁਣਾ ਕੇ ਪ੍ਰਵਾਨਗੀ ਲਈ। ਇਸ ਸਾਰੇ ਕੰਮ ਕਰਨ ਵਿੱਚ ਏਨੀ ਦੇਰੀ ਹੋ ਗਈ ਕਿ ਡਾਕ ਸ੍ਰੀ ਭੈਣੀ ਸਾਹਿਬ ਅਤੇ ਕਟਾਣੀ ਦੋਨੋ ਥਾਵਾਂ ਤੋਂ ਜਾ ਚੁੱਕੀ ਸੀ। ਸੋ ਗੁਰਦੇਵ ਸਿੰਘ ਜੀ ਸ਼ਾਮ ਨੂੰ ਛੇ ਵਜੇ ਇੱਕ ਸਾਈਕਲ ਤੇ ਲੁਧਿਆਣੇ ਵਾਸਤੇ ਚੱਲ ਪਏ ਕਿ ਉੱਥੇ ਜਾ ਕੇ ਆਰ. ਐਮ. ਐਸ. ਵਿੱਚ ਚਿੱਠੀ ਪਾਈ ਜਾਏ। ਏਥੋਂ ਆਖਰੀ ਡਾਕ ਰਾਤੀਂ ੯ ਵਜੇ ਨਿਕਲਦੀ ਸੀ। ਇਹ ਇਕੱਲੇ ਹੀ ਇਸ ਕਾਰਜ ਤੇ ਨਿਕਲ ਪਏ ਤੇ ਸਮੇਂ ਨਾਲ ਚਿੱਠੀ ਲੁਧਿਆਣੇ ਰੇਲਵੇ ਸਟੇਸ਼ਨ ਤੇ, ਰੇਲਵੇ ਮੇਲ ਸਰਵਿਸ ਵਿੱਚ ਪਾ ਦਿਤੀ। ਚਿੱਠੀ ਪਾ ਕੇ ਉਸੇ ਵੇਲੇ ਇਕੱਲਿਆਂ ਹੀ ਅੱਧੀ ਰਾਤ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਵਾਪਸ ਪਹੁੰਚ ਗਏ। ਥੋੜ੍ਹਾ ਅਰਾਮ ਕਰਕੇ ਇਸ਼ਨਾਨ ਕੀਤਾ, ਅੰਮ੍ਰਿਤ ਛਕ ਕੇ ਨਿਤਨੇਮ ਦੀ ਅਰਦਾਸ ਵਿੱਚ ਸ਼ਾਮਲ ਹੋ ਗਏ।

ਉਦੋਂ ਅੱਜ ਕਲ੍ਹ ਵਰਗੀਆਂ ਸਹੂਲਤਾਂ ਨਹੀ ਸਨ ਹੁੰਦੀਆਂ। ਆਵਾ-ਜਾਈ ਦੇ ਸਾਧਨ ਵੀ ਅਜਿਹੇ ਨਹੀ ਸਨ। ਸੜਕਾਂ ਵੀ ਟੁੱਟੀਆਂ ਭੱਜੀਆਂ ਹੀ

ਹੁੰਦੀਆਂ ਸਨ। ਪਰ ਕੰਮ ਕਰਨ ਦੀ ਆਦਤ ਮਿਹਨਤ ਅਤੇ ਜ਼ਿੰਮੇਵਾਰੀ ਹੱਦ ਦੀ ਹੁੰਦੀ ਸੀ। ਭਾਵੇਂ ਕਿੰਨੀ ਹੀ ਮਿਹਨਤ ਕਰਨੀ ਪਵੇ ਕੰਮ ਵਕਤ ਸਿਰ ਪੂਰਾ ਹੋਣਾ ਚਾਹੀਦਾ ਹੈ। ਇਹ ਸੀ ਸੰਤ ਗੁਰਦੇਵ ਸਿੰਘ ਜੀ ਦੀ ਸੇਵਾ ਦੀ ਭਾਵਨਾ।

## ਚੰਡੀ ਦੀ ਵਾਰ ਦੇ ਪਾਠ

ਗੌਰਮਿੰਟ ਨੇ ਲਾਹੌਰ ਵਿੱਚ ਇੱਕ ਬਹੁਤ ਵੱਡਾ ਬੁੱਚੜ-ਖਾਨਾ ਲਗਾਉਣ ਦਾ ਪ੍ਰੋਗਰਾਮ ਬਣਾਇਆ। ਇਸ ਵਿੱਚ ੧੦੦੦ ਗਊ ਅਤੇ ਹੋਰ ਜਾਨਵਰ ਹਰ ਰੋਜ਼ ਮਾਰਨੇ ਸਨ। ਪਸ਼ੂਆਂ ਨੂੰ ਮਾਰਨ ਵਾਸਤੇ ਆਧੁਨਿਕ ਮਸ਼ੀਨਾਂ ਦਾ ਪ੍ਰਯੋਗ ਹੋਣਾ ਸੀ। ਬਹੁਤ ਲੋਕਾਂ ਨੇ ਇਸ ਦਾ ਵਿਰੋਧ ਕੀਤਾ, ਪਰ ਕਾਮਯਾਬੀ ਨਾ ਹੋਈ। ਅਖੀਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚੰਡੀ ਦੀ ਵਾਰ ਦੇ ਪਾਠਾਂ ਅਤੇ ਮਹਾਨ ਹਵਨ ਯੱਗ ਦੀ ਵਿਉਂਤ ਬਣਾਈ ਤਾਂਕਿ ਇਹ ਬੁੱਚੜ-ਖਾਨਾ ਨਾ ਬਣੇ ਅਤੇ ਅਨੇਕਾਂ ਜਾਨਵਰ ਹੱਤਿਆ ਤੋਂ ਬਚ ਸਕਣ।

ਇਸ ਕਰਕੇ ੬-੭ ਸਤੰਬਰ, ਸੰਨ ੧੯੩੭ ਨੂੰ ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਸ਼ੁਰੂ ਹੋਏ ਅਤੇ ੧ ਅਸੂ, ਮੁਤਾਬਕ ੧੮-੯-੧੯੩੭ ਨੂੰ ਸੰਪੂਰਨ ਹੋਏ। ਪਿੰਡਾਂ ਤੋਂ ਸਾਧ ਸੰਗਤ ਨੇ ੧੦੦ ਮਣ ਘਿਉ ਮੱਥਾ ਟੇਕਿਆ ਸੀ। ਪਾਠ ਦਸ ਦਿਨ ਚਲਦੇ ਰਹੇ ਅਤੇ ਦਸੇ ਦਿਨ ਮੀਂਹ ਵੀ ਰੱਜ ਕੇ ਪਿਆ। ਹਾਲਤ ਐਸੀ ਹੋ ਗਈ ਕਿ ਸਾਰਾ ਪਿੰਡ ਹੀ ਚੋਣ ਲੱਗ ਗਿਆ ਸੀ, ਕੋਈ ਵੀ ਘਰ ਠੀਕ ਨਹੀਂ ਸੀ ਰਹਿ ਗਿਆ, ਸਿਰਫ ਗਰਾਜ ਹੀ ਇੱਕ ਸੀ ਜੋ ਬਚਿਆ ਰਿਹਾ। ਗੁਰਦੇਵ ਸਿੰਘ ਜੀ ਉਦੋਂ ਹੱਟੀ ਦੇ ਇੰਚਾਰਜ ਹੁੰਦੇ ਸਨ। ਦਸ ਦਿਨ ਪਾਠ ਲਗਾਤਾਰ ਚਲਦੇ ਰਹੇ ਅਤੇ ੭੦ ਮਣ ਘਿਉ ਲੱਗ ਗਿਆ। ਹਰ ਰੋਜ਼ ਮਠਿਆਈਆਂ ਬਣਦੀਆਂ ਸਨ। ਬਾਬੇ ਜਤੀ ਦੀ ਕੋਠੜੀ ਛੱਤ ਤੀਕਰ ਰਾਸ਼ਨ ਨਾਲ ਭਰੀ ਹੋਈ ਸੀ।

੨੫੦ ਪਾਠੀ ਦੋ ਦੋ ਘੰਟਿਆਂ ਦੀ ਰੌਲ ਤੇ ਬੈਠਕੇ ਪਾਠ ਕਰਦੇ ਸਨ। ਕੁਲ ੧੦੦੦ ਪਾਠੀ ਸੀ। ਪਾਠ ਕਰਨ ਵਿੱਚ ਰਾਤ ਨੂੰ ਕੋਈ ਰੁਕਾਵਟ ਨਾ ਪਵੇ ਇਸ ਲਈ ਬਿਜਲੀ ਦਾ ਬੰਦੋ ਬਸਤ ਭਾਵੇਂ ਕੀਤਾ ਹੋਇਆ ਸੀ, ਇਸਦੇ ਨਾਲ ਪੀਪੇ ਕੱਟ ਕੇ ਉਹਨਾਂ ਵਿੱਚ ਦੀਵੇ ਰਖੇ ਹੋਏ ਸਨ ਤਾਂਕਿ ਬਿਜਲੀ ਚ ਖਰਾਬੀ ਪੈਣ ਕਾਰਨ ਪਾਠਾਂ ਵਿੱਚ ਵਿਘਨ ਨਾ ਪਵੇ। ਦੋ ਦੋ ਪਾਠੀਆਂ ਦੇ ਵਿੱਚਕਾਰ ਇੱਕ ਇੱਕ

ਪੀਪਾ ਰੱਖਿਆ ਹੋਇਆ ਸੀ।

ਪਾਠੀਆਂ ਦੇ ਅੰਦਰਲੇ ਪਾਸੇ ਇੱਕ ਖਾਈ ਬਣਾਈ ਹੋਈ ਸੀ ਜੋ ਕੀੜਿਆਂ ਨੂੰ ਰੋਕਣ ਵਾਸਤੇ ਅਤੇ ਕੁੰਭ ਦੇ ਜਲ ਦਾ ਕੰਮ ਕਰਦੀ ਸੀ। ਹਲਟ ਨੂੰ ਸੋਧ ਦਾ ਕਰਨ ਵਾਸਤੇ ਉਸ ਦੀਆਂ ਟਿੰਡਾਂ ਨੂੰ ਅੱਗ ਨਾਲ ਸੋਧ ਦਾ ਕੀਤਾ ਸੀ। ਸੋਧੀਆਂ ਨੇ ਹੀ ਹਲਟ ਫਿਟ ਕੀਤਾ ਸੀ ਅਤੇ ਸੋਧੀ ਹੀ ਉਸ ਨੂੰ ਚਲਾਉਂਦੇ ਸਨ। ਪਾਠੀਆਂ ਵਾਸਤੇ ਮਠਿਆਈਆਂ ਤੋਂ ਇਲਾਵਾ ਅੰਗੂਰ ਅਤੇ ਹੋਰ ਫਲ ਵੀ ਲਿਆਂਦੇ ਜਾਂਦੇ ਸਨ। ਇਸ ਹਵਨ ਕੁੰਡ ਦਾ ਨਿਰਮਾਣ ਮਿਸਤਰੀ ਰੀਡਾ ਸਿੰਘ ਹੁਰਾਂ ਨੇ ਕੀਤਾ ਸੀ ਜੋ ਮਗਰੋਂ ਦਿੱਲੀ ਦੇ ਸੂਬਾ ਜੀ ਵੀ ਬਣ ਗਏ ਸਨ। ਹਵਨ ਕੁੰਡ ਐਸੇ ਢੰਗ ਨਾਲ ਬਣਾਇਆ ਸੀ ਕਿ ਜਲ ਅਤੇ ਘਿਉ ਆਪਣੇ ਆਪਣੇ ਸਮੇਂ ਸਿਰ ਬਿਲਕੁਲ ਠੀਕ ਮਿਕਦਾਰ ਵਿੱਚ ਆਪਣੇ ਆਪ ਹੀ ਪੈਂਦੇ ਸਨ। ਇਹ ਮਿਸਤਰੀ ਜੀ ਦੀ ਅਦਭੁਤ ਸਿਆਣਪ ਅਤੇ ਕਾਰੀਗਰੀ ਦਾ ਨਮੂਨਾ ਸੀ। ਹਵਨ ਕੁੰਡ ਹੁਣ ਵੀ ਆਪਣੀ ਜਗ੍ਹਾ ਤੇ ਉਸੇ ਤਰ੍ਹਾਂ ਵਿਦਮਾਨ ਹੈ।

ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਯੱਗ ਸੰਪੂਰਨ ਹੋਣ ਦੇ ਨਾਲ ਹੀ ਗੌਰਮਿੰਟ ਨੇ ਆਪਣਾ ਇਰਾਦਾ ਬਦਲ ਦਿੱਤਾ ਅਤੇ ਉਹ ਬੁੱਚੜਖਾਨਾ ਨਾ ਲਗਿਆ।

ਹੁਣ ਬਾਕੀ ਦਾ ੩੦ ਮਣ ਘਿਉ ਵੀ ਸਤਿਗੁਰੂ ਜੀ ਦੀ ਰਜ਼ਾ ਹੋਈ ਕਿ ਹਵਨ ਯੱਗ ਵਿੱਚ ਹੀ ਵਰਤਿਆ ਜਾਵੇ। ਇਸ ਵਾਸਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਰ ਜਿਲ੍ਹੇ ਵਿੱਚੋਂ ਦਸ-ਦਸ ਆਦਮੀ ਵਾਰੀ ਵਾਰੀ ਆਉਂਦੇ ਸਨ ਅਤੇ ਹਵਨ ਕਰਦੇ ਸਨ। ਇਹ ਸਿਲਸਿਲਾ ਤਕਰੀਬਨ ਇੱਕ ਸਾਲ ਚਲਦਾ ਰਿਹਾ।

ਗੜ੍ਹਸ਼ੰਕਰ ਤੋਂ ਉੱਤੇ ਕੰਢੀ ਦੇ ਇਲਾਕੇ ਚੋਂ ਘੇੜ੍ਹੀਏ ਜੋ ਦੇਸੀ ਘਿਉ ਤਿਆਰ ਕਰਕੇ ਕਲਕੱਤੇ, ਬੰਬਈ ਭੇਜਦੇ ਸਨ, ਕੋਲੋਂ ਵੀਹ ਪੀਪੇ ਘਿਉ ਹੋਰ ਖਰੀਦ ਕੇ ਲਿਆਂਦਾ ਸੀ। ਘਿਉ ਨੂੰ ਪਹਿਲਾਂ ਹਰਨਾਮ ਸਿੰਘ ਕਾਮੇਕਿਆ ਵਾਲਿਆਂ ਨੇ ਟੈਸਟ ਕੀਤਾ ਸੀ। ਇਹ ਜੀਪ ਦੇ ਟਰੇਲਰ ਤੇ ਲੱਦ ਕੇ ਲਿਆਂਦਾ ਸੀ। ਇਸ ਦੀ ਵਰਤੋਂ ਆਮ ਲੰਗਰ ਅਤੇ ਸਾਧ ਸੰਗਤ ਵਾਸਤੇ ਕੀਤੀ ਗਈ ਸੀ।

ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਦਵਾਰਾ ਸਾਰਾ ਪ੍ਰੋਗਰਾਮ ਬਹੁਤ ਹੀ ਸਫਲਤਾ ਪੂਰਵਕ ਨਿਰਵਿਘਨ ਸਮਾਪਤ ਹੋਇਆ।

## ਮਿਸਤਰੀ ਰੀਡਾ ਸਿੰਘ ਜੀ

੧੯੩੮ ਦੇ ਕਰੀਬ ਮਿਸਤਰੀ ਰੀਡਾ ਸਿੰਘ ਜੀ ਉਸ ਵੇਲੇ ਗੁਜਰਾਂਵਾਲੇ ਵਿਖੇ ਆਰੇ ਵਾਲੇ ਅਖਵਾਉਂਦੇ ਸਨ। ਇਹ ਭੈਣੀ ਸਾਹਿਬ ਆ ਕੇ ਰੋਲਜ਼ ਰਾਇਸ ਕਾਰ ਦਾ ਕਾਰਬੋਰੇਟਰ ਸੈਟ ਕਰਦੇ ਸਨ। ਉਨ੍ਹਾਂ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਇਹ ਕੰਮ ਨਹੀ ਸੀ ਆਉਂਦਾ। ਫੇਰ ਉਨ੍ਹਾਂ ਨੇ ਇੱਕ ਰਾਗ ਟੈਸਟ ਕਰਨ ਵਾਲੀ ਮਸ਼ੀਨ ਬਣਾਈ। ਗਰਾਮੋਫੋਨ ਦੇ ਚਾਰ ਫਨਰ (ਸਪਰਿੰਗ) ਇੱਕ ਪੇਟੀ ਵਿੱਚ ਫਿੱਟ ਕੀਤੇ ਜੋ ਇੱਕ ਘੰਟਾ ਲਗਾਤਾਰ ਚਲਦੇ ਸਨ। ਰਿਕਾਰਡ ਕਰਨ ਵਾਲੀ ਗਰਾਮੋਫੋਨ ਦੀ ਸ਼ਾਫਟ ਦੇ ਸੈਂਟਰ ਵਿੱਚ ਟੱਕ ਦੇ ਕੇ ਉੱਤੇ ਡਾਇਲ ਫਿੱਟ ਕੀਤਾ ਸੀ। ਉਸ ਡਾਇਲ ਉੱਤੇ ਮਾਤਰਾ ਦੇ ਹਿਸਾਬ ਨਾਲ ਸੂਈ ਚਲਦੀ ਸੀ, ਅਤੇ ਉਸੇ ਹਿਸਾਬ ਨਾਲ ਗਵੱਈਆ ਗਾਉਂਦਾ ਸੀ। ਸੂਈ ਨਾਲ ਇੱਕ ਟੱਲੀ ਵਜਦੀ ਸੀ ਜਿੱਥੇ ਕਿ ਗੁਰ ਪੈਂਦਾ ਸੀ। ਡਾਇਲ ਉਨੀਆਂ ਮਾਤਰਾ ਦੇ ਰਾਗ ਦੇ ਹਿਸਾਬ ਨਾਲ ਬਣਾਇਆ ਸੀ ਤੇ ਸੂਈ ਉਸੇ ਹਿਸਾਬ ਨਾਲ ਚਲਦੀ ਸੀ। ਗਾਉਣ ਵਾਲਾ ਬੰਦਾ ਜੇ ਅੱਗੇ ਪਿਛੇ ਹੋ ਜਾਂਦਾ ਸੀ ਤਾਂ ਸੂਈ ਦੱਸ ਦਿੰਦੀ ਸੀ ਕਿ ਠੀਕ ਤੁਰਿਆ ਜਾਂਦਾ ਹੈ ਕਿ ਗ਼ਲਤ ਹੈ। ਇਹ ਰਾਗ ਟੈਸਟ ਕਰਨ ਵਾਲੀ ਮਸ਼ੀਨ ਸੀ। ਉਹਨਾਂ ਦਿਨਾਂ ਵਿੱਚ ਇਸ ਤਰ੍ਹਾਂ ਦੀ ਮਸ਼ੀਨ ਦੁਨੀਆਂ ਦੇ ਵਿੱਚ ਕਿਤੇ ਵੀ ਨਹੀਂ ਸੀ ਮਿਲ ਸਕਦੀ। ਇਹ ਉਨ੍ਹਾਂ ਦੇ ਦਿਮਾਗ ਦੀ ਕਾਢ ਸੀ। ਜਦੋਂ ਕੋਈ ਬੰਦਾ ਗਾਉਂਦਾ ਸੀ ਉਸ ਨੂੰ ਸਾਹਮਣੇ ਰੱਖ ਕੇ ਗਾਉਂਦਾ ਸੀ। ਸੂਈ ਦਸ ਦਿੰਦੀ ਸੀ ਕਿ ਉਹ ਠੀਕ ਹੈ ਕਿ ਗ਼ਲਤ ਹੈ। ਗਾਉਣ ਵਾਲਾ ਗ਼ਲਤ ਹੋ ਸਕਦਾ ਸੀ ਪਰ ਮਸ਼ੀਨ ਗ਼ਲਤ ਨਹੀ ਸੀ ਹੁੰਦੀ। ਮਸ਼ੀਨ ਲਗਾਤਾਰ ਇੱਕ ਘੰਟਾ ਚਲਦੀ ਸੀ।

੧੯੩੩ ਵਿੱਚ ਆਲ ਇੰਡੀਆ ਮਿਊਜ਼ਿਕ ਕਾਨਫਰੰਸ ਭੈਣੀ ਸਹਿਬ ਕੀਤੀ ਸੀ। ਉਹ ਘੜੀ ਅੱਗੇ ਰੱਖੀ ਜਾਂਦੀ ਸੀ ਤੇ ਗਾਉਣ ਵਾਲੇ ਦਾ ਪਤਾ ਚੱਲ ਜਾਂਦਾ ਸੀ।

ਜੋ ਫਸਟ ਆਇਆ ਸੀ ਉਹ ਅੰਮ੍ਰਿਤਸਰ ਦੇ ਜ਼ਿਲ੍ਹੇ ਦਾ ਸੀ, ਸੈਕਿੰਡ ਜਲੰਧਰ ਦਾ ਭਾਈ ਲਾਲ ਸੀ। ਫਸਟ ਨੂੰ ਵਧੀਆ ਸਵਾਰੀ ਵਾਲੀ ਘੋੜੀ, ਸੈਕਿੰਡ ਨੂੰ ਵਧੀਆ ਮੱਝ ਤੇ ਥਰਡ ਨੂੰ ਗਾਂ ਦਿੱਤੀ ਸੀ। ਬਾਕੀ ਸਾਰੇ ਰਾਗੀਆਂ ਨੂੰ ਸੂਈਆਂ ਹੋਈਆਂ ਦੁੱਧ ਦਿੰਦੀਆਂ ਗਾਵਾਂ ਦਿੱਤੀਆਂ ਸਨ। ਗੁਰਦੇਵ ਸਿੰਘ

ਹੋਰਾਂ ਦੇ ਪਿੰਡ ਰਾਮਪੁਰ ਦੇ ਰਾਗੀ ਊਧੋ ਖਾਂ ਨੂੰ ਵੀ ਇੱਕ ਗਾਂ ਇਨਾਮ ਵਿੱਚ ਮਿਲੀ ਸੀ। ਊਧੋ ਖਾਂ ਅਤੇ ਉਸਦਾ ਪੁੱਤਰ ਰਹਿਮਤ ਖਾਂ ਦੋਵੇਂ ਰਾਗੀ ਸਨ ਅਤੇ ਸ੍ਰੀ ਭੈਣੀ ਸਾਹਿਬ ਬੱਚਿਆਂ ਨੂੰ ਰਾਗ ਵਿੱਦਿਆ ਸਿਖਾਉਂਦੇ ਹੁੰਦੇ ਸਨ। ਇਹ ਪਿੰਡ ਰਾਮਪੁਰ ਵਿੱਚ ਗੁਰਦੇਵ ਸਿੰਘ ਹੋਰਾਂ ਦੇ ਘਰ ਤੋਂ ਦੋ ਤਿੰਨ ਘਰ ਛੱਡ ਕੇ ਰਹਿੰਦੇ ਸਨ। ਪਾਕਿਸਤਾਨ ਬਣਨ ਵੇਲੇ ਗੁਰਦੇਵ ਸਿੰਘ ਹੋਰਾਂ ਦੇ ਪਿਤਾ ਨੇ ਉਹਨਾਂ ਨੂੰ ਬਹੁਤ ਕਿਹਾ ਕਿ ਉਹ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਜਾਂ ਕਿਸੇ ਕੈਂਪ ਵਿੱਚ ਛੱਡ ਆਉਂਦੇ ਹਨ ਪਰ ਉਹਨਾਂ ਨੇ ਇਹ ਕਹਿਕੇ ਕਿ ਰਹਿਮਤ ਖਾਂ ਦੀ ਲੜਕੀ ਦੇ ਬੱਚਾ ਹੋਣ ਵਾਲਾ ਹੈ ਅਤੇ ਉਹਨਾਂ ਨੂੰ ਪਿੰਡ ਵਿੱਚ ਕੀ ਡਰ ਹੈ, ਕਹਿ ਕੇ ਨਾਂਹ ਕਰ ਦਿੱਤੀ। ਅੰਤ ਗੁੱਸੇ ਵਿੱਚ ਭੜਕੀ ਭੀੜ ਨੇ ਦੋਹਾਂ ਪਿਓ ਪੁੱਤਰਾਂ ਨੂੰ ਨਹਿਰ ਤੇ ਲਿਜਾ ਕੇ ਮਾਰ ਦਿੱਤਾ। ਇੱਕ ਵਪਾਰੀ ਨੇ ੨੦-੨੦ ਰੁਪਏ ਨੂੰ ਸਾਰੀਆਂ ਗਾਵਾਂ ਖਰੀਦ ਲਈਆਂ ਸਨ।

ਨਾਂਗੇ ਵਾਲੇ ਖੂਹ ਉੱਤੇ ਇੱਕ ਉਨ੍ਹਾਂ ਨੇ ਆਪਣੇ ਹੱਥੀ ਪੈਟਰਨ ਬਣਾ ਕੇ, ਲੁਧਿਆਣੇ ਢਲਾਈ ਵਾਲਿਆਂ ਕੋਲੋਂ ਪੁਰਜੇ ਬਣਵਾ ਕੇ, ਆਇਲ ਇੰਜਣ ਫਿੱਟ ਕੀਤਾ। ਇਸ ਥਾਂ ਤੇ ਪਹਿਲਾਂ ਸਟੀਮ ਇੰਜਣ ਚਲਦਾ ਸੀ ਜੋ ਬਾਲਣ ਬਹੁਤ ਜ਼ਿਆਦਾ ਖਾਂਦਾ ਸੀ। ਇਸ ਇੰਜਣ ਨਾਲ ਜਨਰੇਟਰ ਸੈਟ ਵੀ ਫਿੱਟ ਕੀਤਾ ਸੀ ਜਿਸ ਨਾਲ ਸਾਰੇ ਡੇਰੇ ਵਿੱਚ ਬਿਜਲੀ ਜਗਦੀ ਸੀ। ਗੁਰੂ ਨਾਨਕ ਕੋਹਲੂ ਫੈਕਟਰੀ ਅੰਮ੍ਰਿਤਸਰ ਤੋਂ ਲਿਆ ਕੇ ਕੋਹਲੂ ਸੇਟ ਵੀ ਫਿੱਟ ਕੀਤਾ ਸੀ। ਇਸ ਇੰਜਣ ਤੇ ਇੱਕ ਤੇਲ ਕੱਢਣ ਵਾਸਤੇ ਕੋਲੂ, ਇੱਕ ਆਟਾ ਪੀਸਣ ਦੀ ਚੱਕੀ ਅਤੇ ਖੂਹ ਵਿੱਚ ਇੱਕ ਪੰਪ ਵੀ ਚਲਦਾ ਸੀ। ਇਸ ਇੰਜਣ ਨੂੰ ਕੁੰਦਨ ਸਿੰਘ ਨਕਈ ਕਈ ਸਾਲ ਚਲਾਉਂਦਾ ਰਿਹਾ। ਮਹਾਰਾਜ ਨਿਹਾਲ ਸਿੰਘ ਹੋਰਾਂ ਨੇ ਸਾਰੇ ਥਾਈ ਬਿਜਲੀ ਫਿੱਟ ਕਰਾਈ ਸੀ।

ਦੋਨੋਂ ਬਾਬਾ ਜੀ ਦੇ ਨਹਿਰ ਤੇ ਜਾਣ ਵਾਸਤੇ ਇੱਕ ਟਾਂਗਾ ਬਣਾਇਆ ਜਿਸ ਦੇ ਥੱਲੇ ਸੈਂਡਰਸਨ ਗੱਡੀ ਦਾ ਐਕਸਲ ਫਿੱਟ ਕਰਕੇ ਉਸੇ ਦੇ ਰਿਮ ਤੇ ਟਾਇਰ ਫਿਟ ਕੀਤੇ। ਇਹ ਗੱਡੀ ਵਾੜੇ ਵਿੱਚ ਟੁੱਟੀ ਫੁੱਟੀ ਪਈ ਸੀ। ਟਾਂਗਾ ਸੰਤ ਰੀੜਾ ਸਿੰਘ ਜੀ ਨੇ ਇੱਕੋ ਦਿਨ ਵਿੱਚ ਬਣਾ ਦਿੱਤਾ ਸੀ। ਲੁਧਿਆਣੇ ਤੋਂ ਟਾਂਗੇ ਦਾ ਸਾਜ ਲਿਆਉਣ ਲਈ ਇੱਕ ਨੂੰ ਭੇਜਿਆ ਤੇ ਆਉਂਦਿਆਂ ਨੂੰ ਟਾਂਗਾ ਤਿਆਰ ਸੀ। ਇੰਨੇ ਫੁਰਤੀਲੇ ਤੇ ਦਿਮਾਗੀ ਸਨ। ਸਿਰਫ ਪੰਜਾਬੀ ਪੜ੍ਹੇ ਹੋਏ ਸਨ। ਟਾਂਗੇ

ਲਈ ਇੱਕ ਛੋਟਾ ਟੱਟੂ ਜੋੜਿਆ ਜਾਂਦਾ ਸੀ।

## ਪਸ਼ੌਰ ਦਾ ਦੌਰਾ

੧੨ ਅਕਤੂਬਰ ੧੯੩੮ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੋਹਾਂ ਸਾਹਿਬਜ਼ਾਦਿਆਂ ਸਮੇਤ ਪਸ਼ੌਰ ਦੇ ਦੌਰੇ ਤੇ ਗਏ। ਇਹ ਦੌਰਾ ਆਪਣੀ ਲਾਰੀ ਨੰਬਰ ਪੀ ਐਸ ੭੩੫੬ ਤੇ ਡਰਾਈਵਰ ਲਾਲ ਸਿੰਘ ਜੀ ਨਾਲ ਕੀਤਾ ਸੀ। ਰਸਤੇ ਵਿੱਚ ਇਤਿਹਾਸਕ ਥਾਵਾਂ ਦੇ ਦਰਸ਼ਨ ਵੀ ਕੀਤੇ। ਅਤੇ ੨੧ ਅਕਤੂਬਰ ੧੯੩੮ ਨੂੰ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ। ਇਸ ਸਾਲ ਗੁਰਦੇਵ ਸਿੰਘ ਹੁਰਾਂ ਨੇ ਡਰਾਈਵਿੰਗ ਲਾਈਸੈਂਸ ਲਿਆ, ਜਿਸ ਵਿੱਚ ਕਾਰ, ਮੋਟਰ ਸਾਈਕਲ ਅਤੇ ਹੋਰ ਵੱਡੀਆਂ ਗਡੀਆਂ ਵੀ ਸ਼ਾਮਲ ਸਨ। ਉਹਨਾਂ ਦਿਨਾਂ ਵਿੱਚ ਇਹ ਲਾਈਸੈਂਸ ਦਸ ਰੁਪਏ ਵਿੱਚ ਬਣ ਗਿਆ ਸੀ।

ਸੰਨ ੧੯੩੮ ਵਿੱਚ ਹੀ ਹਰਦੁਆਰ ਕੁੰਭ ਦਾ ਮੇਲਾ ਸੀ। ਸਾਰਾ ਗੁਰੂ ਪਰਵਾਰ ਇਸ ਮੇਲੇ ਤੇ ਗਿਆ ਸੀ। ਮਾਤਾ ਜੀਉਣ ਕੌਰ ਜੀ ੨੬ ਮਾਰਚ ਸੰਨ ੧੯੩੮ ਨੂੰ ਆਪਣੀ ਲਾਰੀ ਰਾਹੀਂ ਇਸ ਮੇਲੇ ਤੇ ਹਰਦੁਆਰ ਪਹਿਲਾਂ ਹੀ ਚਲੇ ਗਏ ਸਨ। ਰਸਦ ਪਾਣੀ ਦਾ ਸਮਾਨ ਵੀ ਲਾਰੀ ਤੇ ਨਾਲ ਹੀ ਲੈ ਕੇ ਗਏ ਸਨ। ਬਹੁਤ ਅਨੰਦ ਬਣਿਆ ਰਿਹਾ। ਸਤਿਗੁਰੂ ਪ੍ਰਤਾਪ ਸਿੰਘ ਜੀ ਡਾਜ ਗੱਡੀ ਤੇ ਇੱਕ ਅਪਰੈਲ ਸੰਨ ੧੯੩੮ ਨੂੰ ਹਰਦੁਆਰ ਪਹੁੰਚੇ। ਸੱਚੇ ਪਾਤਸ਼ਾਹ ਜੀ ਦੀ ਗੱਡੀ ਦਾ ਡਰਾਈਵਰ ਲਾਲ ਸਿੰਘ ਸੀ।

## ਦੂਸਰਾ ਵਿਆਹ

ਗੁਰਦੇਵ ਸਿੰਘ ਜੀ ਦਾ ਦੂਸਰਾ ਵਿਆਹ ਸੰਨ ੧੯੩੯ ਵਿੱਚ ਵਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਹੋਇਆ ਸੀ। ਜਿਸ ਜਗ੍ਹਾ ਹੁਣ ਦਫ਼ਤਰ ਬਣਿਆ ਹੋਇਆ ਹੈ। ਏਥੇ ਬਹੁਤ ਵੱਡਾ ਥੜਾ ਹੁੰਦਾ ਸੀ ਜੋ ਤਕਰੀਬਨ ਚਾਰ ਫੁਟ ਉੱਚਾ ਸੀ। ਇਸ ਤੇ ਦੀਵਾਨ ਵੀ ਲਗਦੇ ਹੁੰਦੇ ਸਨ। ਗੁਰਦੇਵ ਸਿੰਘ ਹੁਰਾਂ ਦੀ ਸੁਪੱਤਨੀ ਗੁਰਦਿਆਲ ਕੌਰ ਪੰਡਤ ਰਜਿੰਦਰ ਸਿੰਘ ਗੁਰੂਸਰ ਵਾਲਿਆਂ ਦੀ ਭੈਣ, ਸੂਬਾ ਨਾਹਰ ਸਿੰਘ ਦੀ ਬੇਟੀ, ਮਾਤਾ ਭੁਪਿੰਦਰ ਕੌਰ ਜੀ ਦੀ ਭਤੀਜੀ ਸੀ। ਵਿਆਹ ਉਪਰੰਤ ਮਾਤਾ ਜੀਉਣ ਕੌਰ ਜੀ ਨੇ ਇਹਨਾਂ ਨੂੰ ਆਪਣੇ ਕੋਲ ਹੀ

ਰੱਖਿਆ ਸੀ। ੨-੩ ਮਹੀਨੇ ਬਾਅਦ ਗੁਰਦੇਵ ਸਿੰਘ ਜੀ ਆਪਣੀ ਸਿੰਘਣੀ ਨੂੰ ਲੈ ਕੇ ਆਪਣੇ ਪਿੰਡ ਰਾਮਪੁਰ ਚਲੇ ਗਏ। ਇਸ ਤੋਂ ਬਾਅਦ ਗੁਰਦੇਵ ਸਿੰਘ ਹੁਰੀਂ ਤੇ ਕਦੇ ਪਿੰਡ ਤੇ ਕਦੇ ਭੈਣੀ ਸਾਹਿਬ ਜਾਂਦੇ ਆਉਂਦੇ ਰਹਿੰਦੇ ਪਰ ਇਹਨਾਂ ਦੀ ਪਤਨੀ ਪਿੰਡ ਹੀ ਰਹਿੰਦੀ। ਇਸੇ ਸਮੇਂ ਇਹਨਾਂ ਨੂੰ ਗੁਰੂਘਰ ਦੇ ਕੰਮਾਂ ਵਾਸਤੇ ਦਿੱਲੀ, ਕਲਕੱਤਾ ਅਤੇ ਹੋਰ ਕਈਆਂ ਥਾਵਾਂ ਤੇ ਬਾਹਰ ਜਾਣਾ ਆਉਣਾ ਪੈਂਦਾ। ਬਲਵੰਤ ਸਿੰਘ ਹੁਰਾਂ ਦੇ ਭੈਣੀ ਸਾਹਿਬ ਤੋਂ ਚਲੇ ਜਾਣ ਤੋਂ ਬਾਅਦ ਡਾਕ ਦਾ ਅਤੇ ਹੋਰ ਲਿਖਣ ਪੜ੍ਹਨ ਦਾ ਕੰਮ ਭੀ ਗੁਰਦੇਵ ਸਿੰਘ ਹੁਰਾਂ ਕੋਲ ਆ ਗਿਆ। ਸਾਰੇ ਮਹੀਨੇ ਦੀ ਆਮਦਨ ਤੇ ਖਰਚ ਹਰ ਮਹੀਨੇ ਲਿਖ ਕੇ ਜਿੱਥੇ ਵੀ ਸਤਿਗੁਰੂ ਜੀ ਹੋਣ ਉੱਥੇ ਭੇਜਣਾ ਜ਼ਰੂਰੀ ਹੁੰਦਾ ਸੀ। ਇਹ ਕੰਮ ਭੀ ਗੁਰਦੇਵ ਸਿੰਘ ਹੁਰਾਂ ਨੇ ਬਹੁਤ ਲਗਨ ਅਤੇ ਇਮਾਨਦਾਰੀ ਨਾਲ ਕੀਤਾ।

## ਗੁਰਮੁਖ ਸਿੰਘ ਝੱਬਰ

ਚੰਡੀ ਦੀ ਵਾਰ ਦੇ ਪਾਠਾਂ ਤੋਂ ਬਾਅਦ ਮਹਾਰਾਜ ਨਿਹਾਲ ਸਿੰਘ ਹੁਰੀ ਸ੍ਰੀ ਭੈਣੀ ਸਾਹਿਬ ਦਾ ਮੁਖਤਿਆਰ ਪੁਣਾ ਛੱਡ ਕੇ ਲਾਹੌਰ ਚਲੇ ਗਏ ਸਨ। ਉਹਨਾਂ ਤੋਂ ਬਾਅਦ ਸੰਤ ਗੁਰਮੁਖ ਸਿੰਘ ਜੀ ਝੱਬਰ ਡੇਰੇ ਦਾ ਮੁਖੀ ਥਾਪੇ ਗਏ। ਬੇਅੰਤ ਜੀ ਹੁਰਾਂ ਦੀ ਦੇਖਭਾਲ ਜੋ ਪਹਿਲਾਂ ਗੁਰਬਖਸ਼ ਸਿੰਘ ਕਰਦਾ ਹੁੰਦਾ ਸੀ ਉਹ ਭੀ ਹੁਣ ਝੱਬਰ ਹੁਰਾਂ ਕੋਲ ਆ ਗਈ।

੧੯੪੧-੪੨ ਵਿੱਚ ਦੋਵੇਂ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ) ਗਰਮੀਆਂ ਵਿੱਚ ਕੁੱਲੂ ਰਹਿੰਦੇ ਹੁੰਦੇ ਸਨ। ਉੱਥੇ ਇੱਕ ਕੋਠੀ ਕਿਰਾਏ ਤੇ ਲਈ ਹੋਈ ਸੀ। ਇਸ ਦੌਰਾਨ ਗੁਰਦੇਵ ਸਿੰਘ ਹੁਰਾਂ ਅਤੇ ਵੱਡੇ ਬਾਬਾ ਜੀ ਬੇਅੰਤ ਜੀ ਵਿੱਚਕਾਰ ਹਰ ਰੋਜ਼ ਚਿੱਠੀ ਆਉਂਦੀ ਜਾਂਦੀ ਸੀ। ਭੈਣੀ ਸਾਹਿਬ ਦੇ ਪ੍ਰਬੰਧ ਅਤੇ ਪ੍ਰਬੰਧਕਾਂ ਬਾਰੇ ਪੂਰੀ ਖਬਰ ਦਿੱਤੀ ਜਾਂਦੀ ਸੀ।

## ਨੌਕਰੀ ਤੇ

੧੯੪੨ ਵਿੱਚ ਗੁਰਦੇਵ ਸਿੰਘ ਭੈਣੀ ਸਾਹਿਬ ਤੋਂ ਆਪਣੇ ਪਿੰਡ ਚਲੇ ਗਏ ਅਤੇ ਫਿਰ ਦਿੱਲੀ ਜਾ ਕੇ ਨੌਕਰੀ ਸ਼ੁਰੂ ਕੀਤੀ। ਪਹਿਲਾਂ ਕਿਸੇ ਗੈਰਾਜ ਵਿੱਚ

ਕੰਮ ਕੀਤਾ ਅਤੇ ਫਿਰ ਬਿਰਲਾ ਹਾਊਸ ਵਿੱਚ। ੧੯੪੭ ਵਿੱਚ ਦੇਸ਼ ਦੀ ਵੰਡ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਦਿੱਲੀ ਛੱਡ ਕੇ ਆਪਣੇ ਪਿੰਡ ਰਾਮਪੁਰ ਆ ਗਏ। ਅਗਲੇ ਦਿਨ ਹੁਕਮ ਹੋ ਗਿਆ ਕਿ ਗੁਰਦੇਵ ਸਿੰਘ ਅਤੇ ਲਾਲ ਸਿੰਘ ਸਣੇ ਪਰਵਾਰ ਮੰਡੀ ਸਕੇਤ ਚਲੇ ਜਾਣ। ਸਤਿਗੁਰੂ ਜੀ ਨੇ ਕਮਾਂਡੋ ਜੀਪ ਵੀ ਇਹਨਾਂ ਨੂੰ ਜਾਣ ਵਾਸਤੇ ਦਿੱਤੀ। ਇਹ ਬੱਚਿਆਂ ਸਮੇਤ ਬਲਾਸਪੁਰ ਹੁੰਦੇ ਹੋਏ ਸਕੇਤ ਪਹੁੰਚ ਗਏ। ਗੁਰੂਸਰ ਤੋਂ ਪੰਡਿਤ ਰਜਿੰਦਰ ਸਿੰਘ ਦੀ ਸਿੰਘਣੀ ਭੀ ਸਕੇਤ ਮਿਲ ਗਈ ਅਤੇ ਇਹ ਸਾਰੇ ਇੱਕੱਠੇ ਰਹਿਣ ਲੱਗ ਪਏ। ਪਰਵਾਰ ਦੇ ਰਹਿਣ ਸਹਿਣ ਦਾ ਬੰਦੋਬਸਤ ਸਕੇਤ ਕਰ ਦਿੱਤਾ ਅਤੇ ਗੁਰਦੇਵ ਸਿੰਘ ਹੁਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੰਘਾਂ ਨੂੰ ਪਾਕਿਸਤਾਨ ਚੋਂ ਕੱਢਣ ਲਈ ਭੈਣੀ ਸਾਹਿਬ ਚਲੇ ਗਏ। ਸਤਿਗੁਰੂ ਜੀ ਨੇ ਗੁਰਦੇਵ ਸਿੰਘ ਹੁਰਾਂ ਨੂੰ ਭੈਣੀ ਸਾਹਿਬ ਰਹਿਣ ਦਾ ਹੁਕਮ ਕੀਤਾ। ਸਤਿਗੁਰੂ ਜੀ ਆਪ ਲਾਲ ਸਿੰਘ ਡਰਾਈਵਰ ਦੇ ਨਾਲ ਅੰਮ੍ਰਿਤਸਰ ਰਹੇ। ਜੋ ਵੀ ਸਿੱਖ ਸੰਗਤ ਪਾਕਸਤਾਨੋਂ ਆਉਂਦੀ ਸਤਿਗੁਰੂ ਜੀ ਉਹਨਾਂ ਨੂੰ ਯਾ ਭੈਣੀ ਸਾਹਿਬ ਯਾ ਜੀਵਨ ਨਗਰ ਜਾਣ ਦਾ ਹੁਕਮ ਕਰਦੇ। ਜੀਵਨ ਨਗਰ ਵਾਲੀ ਜਗ੍ਹਾ ਪਹਿਲਾਂ ਹੀ ਲੈ ਚੁਕੇ ਸਨ ਅਤੇ ਕਾਫੀ ਸਾਧ ਸੰਗਤ ਉੱਥੇ ਰਹਿੰਦੀ ਸੀ। ਇਹਨਾਂ ਦਿਨਾਂ ਵਿੱਚ ਦੋਨੋ ਬਾਬਾ ਜੀ ਮੰਡੀ ਹੀ ਇੱਕ ਕਿਰਾਏ ਦੀ ਕੋਠੀ ਵਿੱਚ ਰਹਿੰਦੇ ਸਨ।

# ਸੰਨ ੧੯੪੭ ਤੋਂ ੧੯੫੯ ਦਾ ਸਮਾਂ

ਫਲਾਈਂਗ — ਜੀਵਨ ਨਗਰ ਪਾਕਿਸਤਾਨ ਬਣਨ ਤੋਂ ਇੱਕ ਸਾਲ ਪਹਿਲਾਂ ਹੀ ਲੈ ਲਿਆ ਸੀ। ਥੋੜ੍ਹਾ ਟਿਕ ਟਿਕਾ ਹੋਏ ਤੇ ਦੋਨੋ ਬਾਬਾ ਜੀ ਵੀ ਸ੍ਰੀ ਭੈਣੀ ਸਾਹਿਬ ਆ ਗਏ, ਹਾਲਾਂਕਿ ਕਾਫਲੇ ਮੁਸਲਮਾਨਾਂ ਦੇ ਹਾਲੀ ਪਾਕਿਸਤਾਨ ਜਾਂਦੇ ਹੀ ਸਨ। ਗੁਰਦੇਵ ਸਿੰਘ ਅਤੇ ਬਾਬਾ ਬੀਰ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਹਵਾਈ ਜਹਾਜ਼ ਉਡਾਉਣਾ ਸਿੱਖਣ ਲਈ ਲਖਨਊ ਜਾਣ ਵਾਸਤੇ ਹੁਕਮ ਕਰ ਦਿੱਤਾ। ਆਪਣੇ ਫਲਾਈਂਗ ਸਿੱਖਣ ਦੇ ਤਜਰਬੇ ਬਾਰੇ ਗੁਰਦੇਵ ਸਿੰਘ ਜੀ ਇਸ ਤਰ੍ਹਾਂ ਕਥਨ ਕਰਦੇ ਹਨ।

ਭੈਣੀ ਸਾਹਿਬ ਤੋਂ ਮੈਂ ਤੇ ਮਹਾਰਾਜ ਬੀਰ ਸਿੰਘ ਜੀ ਜਵਾਹਰ ਸਿੰਘ ਦੀ ਓਪਲ ਕਾਰ ਵਿੱਚ ਦਿੱਲੀ ਗਏ। ਦਿੱਲੀ ਸ: ਸੰਤੋਖ ਸਿੰਘ ਡਿਪਟੀ ਡਾਇਰੈਕਟਰ ਏਅਰ ਰੂਟ ਐਂਡ ਏਅਰੋਡਰੋਮ, ਇੰਡੀਆ ਨੇ ਸਾਡੀ ਡਾਕਟਰੀ ਕਰਵਾਈ। ਅਸੀਂ ਦੋਵੇਂ ਫਿੱਟ ਸਾਂ। ਤ੍ਰਿਥੋਂ ਰੇਲ ਰਾਹੀਂ ਲਖਨਊ ਗਏ ਸ: ਸ਼ਿੰਗਾਰਾ ਸਿੰਘ ਮਜਿਸਟਰੇਟ ਦੀ ਕੋਠੀ ਵਿੱਚ ਸਾਡਾ ਡੇਰਾ ਲੱਗਿਆ, ਲਾਂਗਰੀ ਸੰਤ ਆਤਮਾ ਸਿੰਘ ਤੇ ਸੇਵਕ ਸੰਤ ਜੈ ਸਿੰਘ ਲਲ੍ਹਆਣੇ ਵਾਲੇ ਸਨ। ੪ ਦਸੰਬਰ ੧੯੪੭ ਨੂੰ ਫਲਾਈਂਗ ਸ਼ੁਰੂ ਕੀਤੀ। ਕੋਠੀ ਤੋਂ ਕਲੱਬ ਹਿੰਦ ਪਰੋਵਿੰਸ਼ਲ ਫਲਾਈਂਗ ਕਲੱਬ ਜਾਣ ਲਈ ਸ: ਬਚਨ ਸਿੰਘ ਐਸ. ਡੀ. ਓ. (ਲੇਖਕ ਦੇ ਪਿਤਾ ਜੀ) ਦਾ ਰੁਆਇਲ ਐਂਡ ਫੀਲਡ ਮੋਟਰ ਸਾਈਕਲ ਸੀ, ਜੋ ਜੀਵਨ ਨਗਰ ਤੋਂ ਦਲੀਪ ਸਿੰਘ ਤੇ ਬਲਵੰਤ ਸਿੰਘ ਨੇ ਓਵਰਆਲ ਕਰਕੇ ਸਾਡੇ ਵਾਸਤੇ ਭੇਜਿਆ ਸੀ। ਪਹਿਲਾਂ ਪਿਸਟਨ ਜਾਮ ਹੋ ਜਾਂਦਾ ਸੀ। ਫੇਰ ਸਰੂਪ ਸਿੰਘ ਇੰਜੀਨੀਅਰ ਕੋਲੋਂ ਪੁਛਿਆ ਕਿ ਕਿਉਂ ਹੁੰਦਾ ਹੈ। ਉਸ ਨੇ ਦੱਸਿਆ ਕਿ ਏਅਰ ਕੂਲਡ ਇੰਜਣ ਦਾ ਪਿਸਟਨ ਵਾਟਰ ਕੂਲਡ ਇੰਜਣ ਨਾਲੋਂ ੩-੪ ਗੁਣਾਂ ਢਿੱਲਾ ਰੱਖਣਾ ਪੈਂਦਾ ਹੈ। ਉਸ ਤਰ੍ਹਾਂ ਕਰਨ ਬਾਅਦ ਕਦੀ ਰੁਕਾਵਟ ਨਹੀਂ ਹੋਈ। ਜਿਥੇ-ਜਿਥੇ ਵੀ ਗਏ

ਲਖਨਊ ਬਰੇਲੀ, ਅਲਾਹਾਬਾਦ ਇਸੇ ਮੋਟਰ ਸਾਈਕਲ ਤੇ ਹੀ ਗਏ। ਇਨਸਟਕਟਰ ਨਾਲ ਸਾਨੂੰ ਵੀ ਹਰ ਥਾਂ ਤੇ ਜਾਣਾ ਪੈਂਦਾ ਸੀ। ਫਲਾਈਂਗ ਕਰਨ ਵਾਸਤੇ ਕਦੀ ੧੫ ਮਿੰਟ, ਕਦੀ ੨੦ ਮਿੰਟ ਦਾ ਸਮਾਂ ਮਿਲਦਾ ਸੀ। ਕਦੀ ਹਫਤਾ ਹਫਤਾ ਸਮਾ ਹੀ ਨਹੀਂ ਸੀ ਮਿਲਦਾ, ਮੌਸਮ ਖਰਾਬ ਹੋਣ ਕਰਕੇ। ਟੋਟਲ ਸਵਾ ਗਿਆਰਾਂ ਘੰਟੇ ਇਨਸਟਰਕਟਰ ਨਾਲ ਫਲਾਈਂਗ ਕਰਕੇ ਸੋਲੋ ਫਲਾਈਂਗ ਕਰਨ ਲੱਗ ਪਿਆ ਸਾਂ। ੫ ਘੰਟੇ ਸੋਲੋ ਫਲਾਈਂਗ ਤੋਂ ਬਾਅਦ ਪ੍ਰਾਈਵੇਟ ਲਾਈਸੈਂਸ ਮਿਲ ਜਾਂਦਾ ਸੀ। ੨੩ ਮਾਰਚ ੧੯੪੮ ਨੂੰ ਲਾਈਸੈਂਸ ਨੰ. ੧੮੭੩ ਮੈਨੂੰ ਮਿਲ ਗਿਆ। ਇਸ ਸਮੇਂ ਵਿੱਚ ਇੱਕ ਗੇੜਾ ਅਸੀਂ ਜੀਵਨ ਨਗਰ ਦਾ ਵੀ ਲਾ ਆਏ ਸਾਂ। ੨੦ ਫਰਵਰੀ ੧੯੪੮ ਨੂੰ ਮੈ ਪਹਿਲੀ ਵਾਰੀ ਸੋਲੋ ਫਲਾਈਂਗ ਕੀਤੀ। ੨੩ ਮਾਰਚ ੧੯੪੮ ਨੂੰ ੫ ਘੰਟੇ ਹੋ ਗਏ ਸਨ। ਫਲਾਈਂਗ ਦੀ ਫੀਸ ਮੇਰੀ ੩੦ ਰੁਪਏ ਘੰਟਾ ਤੇ ਮਹਾਰਾਜ ਬੀਰ ਸਿੰਘ ਦੀ ੧੫ ਰੁਪਏ ਘੰਟਾ ਸੀ। ਉਨ੍ਹਾਂ ਦੀ ਉਮਰ ੩੦ ਸਾਲ ਤੋਂ ਘੱਟ ਸੀ (ਐਂਡਰ ਏਜ) ਕਾਰਨ ਫੀਸ ਘੱਟ ਸੀ। ਫਲਾਈਂਗ ਮੁਕੰਮਲ ਕਰਨ ਤੋਂ ਮਗਰੋਂ ਇੱਕ ਆਪਣਾ ਜਹਾਜ਼ ਐਲ ੫ ਮਾਰਕਾ, ਨੰਬਰ ਸੀ. ਬੀ. ਕਿਯੂ ਮੁੱਲ ਲਿਆ ਸੀ। ਇਹ ਜਹਾਜ਼ ਸੈਕਿੰਡ ਵਰਲਡਵਾਰ ਦਾ ਕਾਨ੍ਹਪੁਰ ਤੋਂ ਦਿੱਲੀ ਤਕ ਮਹਾਰਾਜ ਜੀ ਉਡਾਅ ਕੇ ਲਿਆਏ ਅਤੇ ਦਿੱਲੀ ਤੋਂ ਜੀਵਨ ਨਗਰ ਤੱਕ ਮੈਂ ਉਡਾਅ ਕੇ ਲਿਆਇਆ ਸਾਂ। ਦੋ ਸੀਟਰ ਫੌਜੀ ਜਹਾਜ਼ ਸੀ। ਹਿਸਾਰ ਤੋਂ ਸਰਸੇ ਦੇ ਵਿੱਚਾਲੇ ਹਨ੍ਹੇਰੀ ਆ ਗਈ, ਸਾਹਮਣੀ ਹਵਾ ਜਹਾਜ਼ ਨੂੰ ਪਿੱਛੇ ਧੱਕੇ। ਰੇਲਵੇ ਲਾਈਨ ਦੇ ਉੱਤੇ-ਉੱਤੇ ਲੋ ਫਲਾਈਂਗ ਕਰਕੇ ਬੜੀ ਮੁਸ਼ਕਲ ਨਾਲ ਸਰਸੇ ਹੁੰਦੇ ਹੋਏ, ਜੀਵਨ ਨਗਰ ਲੈਂਡ ਕੀਤਾ, ਢਾਈ ਘੰਟੇ ਵਿੱਚ। ਪੈਟਰੋਲ ਮੁੱਕਣ ਵਾਲਾ ਹੀ ਸੀ ਪਰ ਰਾਜ਼ੀ ਖੁਸ਼ੀ ਉੱਤਰ ਗਏ। ਫੇਰ ਏਥੇ ਪ੍ਰੈਕਟਿਸ ਕਰਦੇ ਰਹੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੪ ਸੀਟਰ ਹਵਾਈ ਜਹਾਜ਼ ਬੋਨੈਂਜ਼ਾ ਲੈਣਾ ਚਾਹੁੰਦੇ ਸੀ ਜੋ ਉਨ੍ਹਾਂ ਦਿਨਾਂ ਵਿੱਚ ੪੦,੦੦੦ ਰੁਪੱਏ ਦਾ ਨਵਾਂ ਮਿਲਦਾ ਸੀ। ਉਸ ਦੇ ਖਰੀਦਣ ਤੋਂ ਪਹਿਲਾਂ ਉਸ ਦੀ ਕੀਮਤ ੬੦,੦੦੦ ਰੁਪੱਏ ਹੋ ਗਈ। ਪਰ ਅਸੀਂ ੪੦ ਹਜ਼ਾਰ ਦਾ ਬੁਕ ਕਰਾਇਆ ਸੀ। ਡਾਲਮੀਆ ਸੀਮਿੰਟ ਕੰਪਨੀ ਦਿੱਲੀ ਵਾਲਿਆਂ ਕੋਲ ਇਸ ਦੇ ਨਾਲ ਦਾ ਜਹਾਜ਼ ਸੀ ਜੋ ਉਹ ਵੇਚਦੇ ਸਨ। ਉਹ ਖਰੀਦਣ ਦੀ ਕੋਸ਼ਿਸ਼ ਕੀਤੀ। ਪਰ ਉਹ ੬੦ ਹਜ਼ਾਰ ਤੋਂ ਘੱਟ ਨਹੀ ਸੀ ਉਤਰੇ। ਮੈ ੩੦ ਹਜ਼ਾਰ ਰੁਪੱਏ ਲੈ ਕੇ ਦਿੱਲੀ ਤੋਂ ਬੰਬਈ ਗਿਆ ਜਹਾਜ਼ ਲੈਣ

ਵਾਸਤੇ ਕਿਉਂਕਿ ੧੦ ਹਜ਼ਾਰ ਪਹਿਲਾਂ ਬਿਆਨਾ ਦਿੱਤਾ ਹੋਇਆ ਸੀ। ਟੈਸਟ ਫਲਾਈਟ ਵੇਲੇ ਜ਼ਹਾਜ਼ ਦੇ ਪਹੀਏ ਨਾ ਨਿਕਲਣ ਕਾਰਨ ਬੈਲੀ ਲੈਂਡਿਗ, ਢਿੱਡ ਪਾਰ ਹੋ ਗਈ। ਇਸ ਕਰਕੇ ਇਹ ਜਹਾਜ਼ ਨਾ ਲਿਆ ਜਾ ਸਕਿਆ। ਸਾਨੂੰ ਕਿਸੇ ਨੇ ਬੰਬਈ ਦੱਸਿਆ ਕਿ ਡਾਲਮੀਆ ਸੀਮਿੰਟ ਵਾਲੇ ਜਹਾਜ਼ ਵੇਚਦੇ ਹਨ। ਅਸੀਂ ਕੋਸ਼ਿਸ਼ ਕੀਤੀ ਪਰ ਉਹ ੬੦ ਹਜ਼ਾਰ ਤੋਂ ਘੱਟ ਨਹੀਂ ਸੀ ਮੰਨਦੇ। ਉਸ ਬੰਦੇ ਨੇ ਸਾਨੂੰ ਇਹ ਵੀ ਦੱਸਿਆ ਕਿ ਤੁਸੀਂ ੨੦ ਹਜ਼ਾਰ ਆਫਰ ਦੇ ਦਿਉ। ਬੰਬਈ ਤੋਂ ਦਿੱਲੀ ਫੋਨ ਕਰਕੇ ਸਾਰਾ ਦੱਸ ਦਿੱਤਾ ਕਿ ਇਸ ਤਰ੍ਹਾਂ ਸੌਦਾ ਹੋ ਸਕਦਾ ਹੈ। ਜੀ. ਐਸ. ਫੂਲਾ ਸਿੰਘ ਦੀ ਕੰਪਨੀ ਥਾਈਲੈਂਡ ਵਾਲਿਆਂ ਨੇ ੨੦ ਹਜ਼ਾਰ ਦੀ ਆਫਰ ਦਿੱਤੀ। ੨੩-੨੪ ਹਜ਼ਾਰ ਵਿੱਚ ਸੌਦਾ ਹੋ ਗਿਆ। ਮੈਂ ਰਾਤ ਨੂੰ ਡਾਕ ਵਾਲੇ ਹਵਾਈ ਜਹਾਜ਼ ਵਿੱਚ ਬੰਬਈ ਤੋਂ ਦਿੱਲੀ ਪਹੁੰਚ ਗਿਆ। ਡਾਕ ਵਾਲੇ ਜਹਾਜ਼ ਵਿੱਚ ਇੱਕ ਪਾਸੇ ਡਾਕ ਹੁੰਦੀ ਹੈ ਤੇ ਇੱਕ ਪਾਸੇ ਥੋੜ੍ਹੀਆਂ ਜਿਹੀਆਂ ਸੀਟਾਂ ਹੁੰਦੀਆਂ ਹਨ। ਟਾਈਮ ਨਾਲ ਪੈਸੇ ਦੇਣ ਕਾਰਣ ਇਸ ਦਾ ਕਿਰਾਇਆ ਘੱਟ ਹੁੰਦਾ ਹੈ, ਆਖੀਰ ਵੀ. ਟੀ. ਸੀ. ਜੈਡ. ਐਮ. ਚਾਰ ਸੀਟਰ ਬੋਨੈਂਜ਼ਾ ਜਹਾਜ਼ ਅਪਰੈਲ ਜਾਂ ਮਈ ੧੯੫੦ ਵਿੱਚ ਖਰੀਦ ਲਿਆ। ਜਿਹੜਾ ੧੦ ਹਜ਼ਾਰ ਬਿਆਨਾ ਦਿੱਤਾ ਸੀ ਬੰਬਈ, ਉਹ ਵਾਪਸ ਲੈ ਲਿਆ। ਇਸ ਜਹਾਜ਼ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਦਿੱਲੀ, ਜਲੰਧਰ, ਬੰਬਈ, ਕਈ ਥਾਵੀਂ ਜਾਂਦੇ ਆਉਂਦੇ ਰਹੇ।

ਫੇਰ ਘਸੀਟਾ ਸਿੰਘ ਦੇ ਕਤਲ ਕੇਸ ਵਿੱਚ ਮਹਾਰਾਜ ਬੀਰ ਸਿੰਘ ਜੀ ਫੀਰੋਜ਼ਪੁਰ ਜੇਲ੍ਹ ਵਿੱਚ ਚਲੇ ਗਏ। ਇਹ ੪ ਸੀਟਰ ਜਹਾਜ਼ ਫਲਾਈਂਗ ਕਲੱਬ ਜਲੰਧਰ ਵਿੱਚ ਰੱਖਿਆ ਹੋਇਆ ਸੀ, ਅਤੇ ਜੋ ਪੰਜਾਬ ਗੌਰਮਿੰਟ ਨੂੰ ੧੮ ਹਜ਼ਾਰ ਵਿੱਚ ਵੇਚ ਦਿੱਤਾ ਸੀ। ਜਿਹੜਾ ਦੋ ਸੀਟਰ ਜਹਾਜ਼ ਸੀ ਉਹ ਜੀਵਨ ਨਗਰ ਸੀ। ਸੁਹੇਵੇ ਸਾਹਿਬ ਏਸੇ ਜਹਾਜ਼ ਵਿੱਚ ਪਾਠਾਂ ਵੇਲੇ ਜਾਂਦੇ ਆਉਂਦੇ ਸੀ। ੯ ਸਤੰਬਰ ਸੰਨ ੧੯੪੯ ਨੂੰ ਸਵੇਰੇ ਮਹਾਰਾਜ ਜੀ ਰਤਨ ਸਿੰਘ ਲਾਂਗਰੀ ਨੂੰ ਸੁਹੇਵੇ ਸਾਹਿਬ ਛੱਡ ਕੇ ਆਏ। ੨-੩ ਘੰਟੇ ਮਗਰੋਂ ਮੈਂ ਸਤਿਗੁਰੂ ਜੀ ਨੂੰ ਲੈ ਕੇ ਗਿਆ ਤੇ ਡੰਗਰਾਂ ਦਾ ਵੱਗ ਅਗੇ ਆ ਰਿਹਾ ਸੀ। ਜਹਾਜ਼ ਉਤਰਨ ਤੋਂ ਮਗਰੋਂ ਇੱਕ ਵੱਛੇ ਨੇ ਡਰ ਕੇ ਅੱਗੇ ਆ ਕੇ ਟੱਕਰ ਮਾਰੀ। ਸੁਹੇਵੇ ਸਾਹਿਬ ਕੁਦਰਤੀ ਤੌਰ ਤੇ ਲੈਂਡਿੰਗ ਗਰਾਉਂਡ ਬਣੀ ਹੋਈ ਸੀ। ਟੱਕਰ ਮਾਰਨ ਨਾਲ ਪੱਖਾ ਟੁੱਟ ਗਿਆ ਤੇ ਵੱਛਾ ਮਰ ਗਿਆ। ਵੱਛੇ ਵਾਲੇ ਨੂੰ ੮੦ ਰੁਪਏ ਦਿੱਤੇ ਤੇ ਵੱਛੇ ਨਮਿਤ ਅਖੰਡ

ਪਾਠ ਕਰਾਇਆ।

ਪਹਿਲਾਂ ਜੀਪਾਂ ਤੇ ਨੌਹਰ ਵਿੱਚੋਂ ਪਾਠਾਂ ਤੇ ਜਾਂਦੇ ਹੁੰਦੇ ਸੀ। ਉਸ ਦਿਨ ਹਵਾਈ ਜਹਾਜ਼ ਤੇ ਗਏ ਤਾਂ ਨੌਹਰ ਵਾਲੀ ਸੰਗਤ ਨੇ ਅਰਦਾਸ ਕੀਤੀ ਕਿ ਇਨ੍ਹਾਂ ਦਾ ਜਹਾਜ਼ ਹੀ ਟੁੱਟ ਜਾਵੇ ਕਿਉਂਕਿ ਸਾਨੂੰ ਦਰਸ਼ਨ ਨਹੀਂ ਹੁੰਦੇ। ਉਸੇ ਦਿਨ ਜਹਾਜ਼ ਦਾ ਪੱਖਾ ਟੁੱਟ ਗਿਆ ਸਤਿਗੁਰੂ ਜੀ ਸੁਹੇਵੇ ਸਾਹਿਬ ਤੋਂ ਨੌਹਰ ਤੱਕ ਊਠਾਂ ਤੇ, ਨੌਹਰ ਤੋਂ ਰੇਲ ਰਾਹੀਂ ਐਲਨਾਬਾਦ, ਤੇ ਉਥੋਂ ਘੋੜਿਆਂ ਤੇ ਜੀਵਨ ਨਗਰ ਪਹੁੰਚੇ। ਮੈਂ ਨੌਹਰ ਤੋਂ ਰਿਵਾੜੀ ਦੇ ਰਸਤੇ ਦਿੱਲੀ ਗਿਆ ਤੇ ਨਵਾਂ ਪੱਖਾ ਲਿਆ ਕੇ ਊਠ ਰਾਹੀਂ ਨੌਹਰ ਤੋਂ ਸੁਹੇਵੇ ਸਾਹਿਬ ਪਹੁੰਚਿਆ। ਨਵਾਂ ਪੱਖਾ ਫਿੱਟ ਕਰਕੇ ਜੀਵਨ ਨਗਰ ਜਹਾਜ਼ ਲੈ ਕੇ ਗਿਆ। ੧੭ ਸਤੰਬਰ ੧੯੪੯ ਨੂੰ ਸੁਹੇਵੇ ਸਾਹਿਬ ਤੋਂ ਜੀਵਨ ਨਗਰ ਆਇਆ।

## ਸੰਨ ੧੯੪੯

੧੯੪੭ ਵਿੱਚ ਗੁਰਦੇਵ ਸਿੰਘ ਹੁਰਾਂ ਨੂੰ ਬਾਬਾ ਬੀਰ ਸਿੰਘ ਜੀ ਨਾਲ ਲਖਨਊ ਜਾ ਕੇ ਹਵਾਈ ਜਹਾਜ਼ ਉਡਾਉਣ ਦੀ ਸਿਖਿਆ ਲੈਣ ਦਾ ਹੁਕਮ ਹੋ ਗਿਆ ਸੀ। ਟਰੇਨਿੰਗ ਤੇ ਜਾਣ ਤੋਂ ਪਹਿਲਾਂ ਇਹਨਾਂ ਆਪਣੇ ਪਰਿਵਾਰ ਨੂੰ ਆਪਣੇ ਪਿੰਡ ਭੇਜਣ ਦਾ ਪ੍ਰੋਗਰਾਮ ਬਣਾਇਆ। ਗੁਰਦੇਵ ਸਿੰਘ ਹੁਰੀਂ ਆਪਣੀ ਜ਼ਬਾਨੀ ਇਹ ਸਮਾਂ ਇਸ ਤਰ੍ਹਾਂ ਦਸਦੇ ਹਨ।

ਜਦੋਂ ਟਿਕ-ਟਿਕਾ ਹੋ ਗਿਆ ਤਾਂ ਪੰਡਿਤ ਰਜਿੰਦਰ ਸਿੰਘ-ਮੇਰਾ ਸਾਲਾ, ਮੇਰੇ ਬੱਚੇ-ਅਵਤਾਰ ਸਿੰਘ, ਗੁਰਤੇਜ ਕੌਰ ਤੇ ਹਰਵਿੰਦਰ ਸਿੰਘ, ਤੇ ਰਜਿੰਦਰ ਸਿੰਘ ਦੀ ਪਹਿਲੀ ਪਤਨੀ ਸੁਖਦੇਵ ਕੌਰ ਦੀਆਂ ਦੋ ਭੈਣਾ ਹਰਦਿਆਲ ਕੌਰ ਤੇ ਹਰਪਾਲ ਕੌਰ ਨੂੰ ਲੈ ਕੇ ਅਸੀਂ ਆਪਣੇ ਪਿੰਡ ਰਾਮਪੁਰ ਆ ਗਏ। ਉੱਥੇ ਰਜਿੰਦਰ ਸਿੰਘ ਦੀ ਪਤਨੀ ਚੜ੍ਹਾਈ ਕਰ ਗਈ। ਫੇਰ ਉਹ ਸਾਰੇ ਗੁਰੂਸਰ ਚਲੇ ਗਏ। ਸਤਿਗੁਰਾਂ ਦੇ ਹੁਕਮ ਅਨੁਸਾਰ ਮੈਂ ੧੯੪੯ ਵਿੱਚ ਗੁਰੂਸਰੋਂ ਆਪਣੇ ਪ੍ਰਵਾਰ ਨੂੰ ਜੀਵਨ ਨਗਰ ਲੈ ਆਂਦਾ। ਜੀਵਨ ਨਗਰ ਮੇਰਾ ਤੀਸਰਾ ਬੇਟਾ ਸੁਖਜੀਤ ਸਿੰਘ ਪੈਦਾ ਹੋਇਆ। ਜਦੋਂ ਮੈਂ ਆਪਣੇ ਪਰਿਵਾਰ ਨੂੰ ਗੁਰੂਸਰ ਤੋਂ ਜੀਵਨ ਨਗਰ ਲੈ ਕੇ ਜਾ ਰਿਹਾ ਸਾਂ ਤਾਂ ਸਮਾਨ ਤੇ ਪਰਿਵਾਰ ਇੱਕ ਟਰੱਕ ਵਿੱਚ ਸੀ, ਉਸੇ ਟਰੱਕ ਵਿੱਚ ਸਤਿਜੁਗ ਵਾਲੀ ਪ੍ਰੈਸ ਭੈਣੀ ਸਾਹਿਬ ਤੋਂ ਗੁਰੂਸਰ ਰਾਹੀ

ਲੈ ਕੇ ਚਲੇ ਸਾਂ। ਉਸੇ ਵਿੱਚ ਸਾਡੇ ਮੰਜੇ, ਬਿਸਤਰੇ, ਭਾਂਡੇ, ਸਾਰਾ ਸਮਾਨ ਗੁਰੂਸਰੋਂ ਲਿਆ ਤੇ ਜੀਵਨ ਨਗਰ ਵੱਲ ਤੁਰ ਪਏ। ਟਰੱਕ ਵਿੱਚ ਸੰਤ ਮੋਹਕਮ ਸਿੰਘ ਜੀ ਵੀ ਬੈਠੇ ਸਨ। ਰਾਣੀਆਂ ਪਿੰਡ ਦੇ ਨੇੜੇ ਬੇਰੀਆਂ ਵਾਲੇ ਬਾਗ ਕੋਲ ਇੱਕ ਨਿੱਕੀ ਜਿਹੀ ਪੁਲੀ ਸੀ। ਜਦੋਂ ਅਸੀਂ ਟਰੱਕ ਉਥੋਂ ਲੰਘਾਣ ਲੱਗੇ ਤਾਂ ਟਰੱਕ ਦਾ ਅਗਲਾ ਹਿੱਸਾ ਤੇ ਲੰਘ ਗਿਆ ਤੇ ਪਿੱਛਲਾ ਹਿੱਸਾ ਪ੍ਰੈਸ ਕਰਕੇ ਤੇ ਭਾਰਾ ਸਮਾਨ ਹੋਣ ਕਰਕੇ ਵਿੱਚ ਹੀ ਬਹਿ ਗਿਆ। ਮੇਰੇ ਦੋਨੋ ਬੱਚੇ ਗੁਰਤੇਜ ਤੇ ਹਰਵਿੰਦਰ ਟਰੱਕ ਦੇ ਉੱਤੇ ਬੈਠੇ ਸਨ ਤੇ ਤਰਪਾਲ ਵਿੱਚ ਲਿਪਟੇ ਹੋਏ ਛੱਪੜ ਵਿੱਚ ਡਿੱਗ ਪਏ, ਵਿੱਚ ਸੰਤ ਮੋਹਕਮ ਸਿੰਘ ਜੀ ਵੀ ਸਨ। ਜਦੋਂ ਉਨ੍ਹਾਂ ਨੂੰ ਤਰਪਾਲ ਵਿੱਚੋਂ ਕਢਿਆ ਗਿਆ ਤਾਂ ਠੀਕ-ਠਾਕ ਸਨ। ਸੰਤ ਮੋਹਕਮ ਸਿੰਘ ਤੇ ਰਾਤੋ ਰਾਤ ਜੀਵਨ ਨਗਰ ਚਲੇ ਗਏ। ਉਥੋਂ ਦੋ ਟਰੈਕਟਰ ਲਿਆ ਕੇ ਫੇਰ ਪ੍ਰੈਸ, ਸਾਡਾ ਸਮਾਨ ਅਤੇ ਅਸੀਂ ਸਾਰੇ ਜੀਵਨ ਨਗਰ ਗਏ। ਇੱਕ ਰਾਤ ਨਹਿਰ ਦੇ ਪੁਲ ਤੇ ਕੱਟੀ, ਦੂਸਰੀ ਰਾਤ ਰਾਣੀਆਂ ਅਤੇ ਅਗਲੀ ਰਾਤ ਜੀਵਨ ਨਗਰ ਦੇ ਪੁਲ ਤੇ ਕਿਉਂਕਿ ਪੁਲ ਤੋਂ ਲੈ ਕੇ ਕੋਠੀ ਤੱਕ ਪਾਣੀ ਹੀ ਪਾਣੀ ਫਿਰਦਾ ਸੀ। ਜੀਵਨ ਨਗਰ ਪਹੁੰਚ ਕੇ ਰਾਤ ਮਾਲ ਵਾਲੇ ਤਬੇਲੇ ਦੇ ਨਾਲ ਗੈਰਾਜ ਵਿੱਚ ਕਟੀ ਤੇ ਅਗਲੇ ਦਿਨ ਚੁਬਾਰੇ ਵਿੱਚ ਗਏ। ਉਥੇ ਅਸੀਂ ੩-੪ ਸਾਲ ਰਹੇ ਤੇ ਮੇਰੇ ਛੋਟੇ ਬੇਟੇ ਸੁਖਜੀਤ ਸਿੰਘ ਦਾ ਜਨਮ ੧੯੪੯ ਵਿੱਚ ਜੀਵਨ ਨਗਰ ਹੀ ਹੋਇਆ ਸੀ।

## ਇੱਕ ਮਾਂ ਦੀ ਖਿੱਚ

ਸੰਨ ੧੯੫੨ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੈਂਕੋਕ ਦਰਸ਼ਨ ਦਿੱਤੇ। ਸਤਿਗੁਰੂ ਜਗਜੀਤ ਸਿੰਘ ਜੀ ਵੀ ਇਸ ਦੌਰੇ ਤੇ ਨਾਲ ਹੀ ਸਨ। ਉੱਥੇ ਸਤਿਗੁਰੂ ਜੀ ਨੇ ਇੱਕ ਮਾਈ ਦੀ ਅਰਜ਼ ਮੰਨ ਕੇ ਹੁਕਮ ਕਰ ਦਿੱਤਾ ਕਿ ਉਸ ਨੂੰ ਦਰਸ਼ਨ ਦੇ ਕੇ ਜਾਣਗੇ। ਮਾਈ ਲੱਗੀ ਆਪਣੇ ਪ੍ਰੀਤਮ ਪਿਆਰੇ ਦੀ ਉਡੀਕ ਕਰਨ। ੧੦-੨-੧੯੫੨ ਨੂੰ ਸਤਿਗੁਰੂ ਜੀ ਦਾ ਪ੍ਰੋਗਰਾਮ ਉਥੋਂ ਜਾਣ ਦਾ ਬਣ ਗਿਆ ਅਤੇ ਮਾਈ ਦੀ ਅਰਜ਼ ਵਿੱਚੇ ਹੀ ਰਹਿ ਗਈ। ਪਰ ਮਾਈ ਦੀ ਖਿੱਚ ਏਨੀ ਪ੍ਰਬਲ ਸੀ ਕਿ ਉਸ ਨੇ ਸਤਿਗੁਰੂ ਜੀ ਦੇ ਜਾਣ ਵਿੱਚ ਰੁਕਾਵਟ ਪਾ ਦਿਤੀ। ਜਹਾਜ਼ ਵਿੱਚ ਕੋਈ ਨੁਕਸ ਪੈ ਗਿਆ ਤੇ ਉਹ ੧੫-੨੦ ਮਿੰਟਾਂ ਬਾਅਦ ਫੇਰ ਵਾਪਸ ਆ ਗਿਆ। ਉਪਰੰਤ ਸਤਿਗੁਰੂ ਜੀ ਨੂੰ ਉਥੇ ਤਿੰਨ ਦਿਨ ਹੋਰ ਰੁਕਣਾ ਪਿਆ। ਮਾਈ ਦੇ ਦਰਸ਼ਨਾਂ ਦੀ ਅਭਿਲਾਸ਼ਾ ਪੂਰੀ ਕਰਨ ਉਪਰੰਤ ਹੀ ਸੱਚੇ

ਪਾਤਸ਼ਾਹ ਜੀ ਉੱਥੋਂ ਜਾ ਸਕੇ। ਸੱਚ ਹੀ ਗੁਰਬਾਣੀ ਦਾ ਫਰਮਾਨ ਹੈ ਕਿ-

*ਤੂੰ ਭਗਤਾਂ ਕੇ ਵੱਸ ਭਗਤਾਂ ਤਾਨ ਤੇਰਾ।*

ਇਸ ਤਰ੍ਹਾਂ ਵਾਪਸੀ ਵਿੱਚ ਰੋੜਾ ਤੇ ਪਹਿਲਾਂ ਹੀ ਅਟਕਣਾ ਸ਼ੁਰੂ ਹੋ ਚੁੱਕਾ ਸੀ। ਘਰੋਂ ਟੁਰਨ ਲਗਿਆਂ ਪਾਸ ਪੋਰਟ ਸਾਰੇ ਘਰ ਹੀ ਰਹਿ ਗਏ ਸਨ। ਏਅਰਪੋਰਟ ਤੇ ਜਦੋਂ ਪਤਾ ਲੱਗਾ ਤਾਂ ਕਿਸੇ ਤਰ੍ਹਾਂ ਜਾਣ ਦਾ ਪ੍ਰੋਗਰਾਮ ਤੇ ਬਣ ਗਿਆ ਤੇ ਸੋਚਿਆ ਕਿ ਪਾਸਪੋਰਟ ਮਗਰੋਂ ਆ ਜਾਣਗੇ। ਪਰ ਇਸ ਨਾਲ ਭੀ ਕਈ ਔਕੜਾਂ ਆਉਣੀਆਂ ਸਨ ਕਿਉਂਕਿ ਬਗੈਰ ਪਾਸ ਪੋਰਟ ਦੇ ਬਾਹਰਲੇ ਮੁਲਕ ਵਿੱਚ ਸਫਰ ਕਰਨਾ ਗੈਰ ਕਾਨੂੰਨੀ ਅਤੇ ਜੁਰਮ ਵੀ ਹੈ। ਸਭ ਨੇ ਸ਼ੁਕਰ ਹੀ ਕੀਤਾ ਕਿ ਜਹਾਜ਼ ਵਾਪਸ ਆ ਗਿਆ ਹੈ। ਹੁਣ ਸਭ ਤੋਂ ਪਹਿਲਾਂ ਆਪਣੇ ਪਾਸ ਪੋਰਟ ਸੰਭਾਲੇ ਅਤੇ ਮਾਈ ਦੀ ਭਗਤੀ ਦੀ ਸਰਾਹੁਣਾ ਕੀਤੀ।

## ਸੰਨ ੧੯੫੮

੧੯੫੮ ਦੇ ਹਾਲਾਤ ਵੀ ਸੰਤ ਗੁਰਦੇਵ ਸਿੰਘ ਜੀ ਦੇ ਅੱਖੀ ਵੇਖੇ ਹੋਏ ਸਨ। ਇਹ ਸਮਾਂ ਕਈ ਕਠਨਾਈਆਂ ਵਾਲਾ ਸੀ ਜਿਸ ਵਿੱਚ ਗੁਰਦੇਵ ਸਿੰਘ ਹੁਰਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਰਿਹਾ ਹੈ। ਉਹਨਾਂ ਸਾਰੀ ਜ਼ਿੰਦਗੀ ਗੁਰੂ ਘਰ ਦੇ ਸਾਰੇ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਬਹੁਤ ਹੀ ਇਮਾਨਦਾਰੀ ਅਤੇ ਸਤਿਗੁਰੂ ਜੀ ਦੇ ਸੱਚੇ ਸੇਵਕ ਬਣਕੇ ਹੀ ਨਿਭਾਇਆ ਹੈ। ਇਸ ਸਮੇ ਬਾਰੇ ਉਹ ਆਪ ਇਸ ਤਰ੍ਹਾਂ ਦਸਦੇ ਹਨ।

ਡਰਾਈਵਰ ਤੇ ਡਾਕ ਦਾ ਕੰਮ ਮੈਨੂੰ ਦਿੱਤਾ ਗਿਆ। ਕਦੀ-ਕਦੀ ਮੈਂ ਮਹਾਰਾਜ ਬੀਰ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਲੈ ਕੇ ਹਵਾਈ ਜਹਾਜ਼ ਰਾਹੀਂ ਦਿੱਲੀ ਵੀ ਜਾਂਦਾ ਸਾਂ। ੧੯੫੮ ਤੱਕ ਡਾਕ ਤੇ ਮਕੈਨਕੀ ਦਾ ਕੰਮ ਮੈਂ ਹੀ ਕਰਦਾ ਸੀ। ਜੀਵਨ ਨਗਰ ਅਸੀਂ ਆਪ ਹੀ ਕਾਰਾਂ ਰਿਪੇਅਰ ਕਰਦੇ ਸਾਂ।

ਸੰਨ ੧੯੫੮ ਵਿੱਚ ਜ਼ਮੀਨਾਂ ਦਾ ਤਬਾਦਲਾ ਚਲਦਾ ਸੀ। ਜੀਵਨ ਨਗਰ ਇਲਾਕੇ ਦੇ ਤਬਾਦਲੇ ਕਰਕੇ ਕਈਆਂ ਦੀ ਮੁਕੱਦਮੇ ਬਾਜ਼ੀ ਸ਼ੁਰੂ ਹੋ ਗਈ। ਬਾਬਾ ਜਗਜੀਤ ਸਿੰਘ ਜੀ ਨੂੰ ਆਉਣ ਜਾਣ ਦੀ ਬਹੁਤ ਖੇਚਲ ਸ਼ੁਰੂ ਹੋ ਗਈ। ਕਦੀ ਦਿੱਲੀ, ਸ਼ਿਮਲੇ, ਜਲੰਧਰ, ਚੰਡੀਗੜ੍ਹ ਫੀਅਟ ਗੱਡੀ ਤੇ ਜਾਣਾ ਹੁੰਦਾ ਸੀ। ਖੇਚਲ ਜ਼ਿਆਦਾ ਸੀ। ਉਨ੍ਹਾਂ ਦੀ ਹੈਲਪ ਵਾਸਤੇ ਮੈਂ ਪੱਕਾ ਹੀ ਬਾਬਾ

ਜੀ ਦਾ ਡਰਾਈਵਰ ਹੋ ਗਿਆ। ਦਿਨ ਰਾਤ ਚੱਲ ਸੋ ਚੱਲ ਸੀ। ਮਹਿੰਦਰ ਸਿੰਘ ਡੱਬਵਾਲੀ ਵਾਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਡਰਾਈਵਰ ਹੋ ਗਿਆ ਤੇ ਸਤਿਗੁਰਾਂ ਦੀ ਸਿਹਤ ਦਿਨੋ ਦਿਨ ਕਮਜ਼ੋਰ ਹੁੰਦੀ ਗਈ। ਸਿਹਤ ਖਰਾਬ ਹੋਣ ਕਰਕੇ ਸਤਿਗੁਰੂ ਜੀ ਮੰਡੀ ਚਲੇ ਗਏ, ਮਹਿੰਦਰ ਸਿੰਘ ਡਰਾਈਵਰ ਨਾਲ ਸੀ। ਇਸੇ ਦੌਰਾਨ ਮਹਾਰਾਜ ਜੀ ਘਸੀਟਾ ਸਿੰਘ ਦੇ ਕਤਲ ਕੇਸ ਵਿੱਚ ਲਪੇਟੇ ਗਏ, ਤੇ ਇੱਕ ਸਾਲ ਫੀਰੋਜ਼ਪੁਰ ਜੇਲ੍ਹ ਵਿੱਚ ਰਹੇ। ਜੱਜ ਨੇ ਫੈਸਲਾ, ਸੁਣਾਉਣ ਵੇਲੇ ਹੀ ਫਾਈਲ ਵਿੱਚ ਲਿਖਿਆ ਸੀ—ਪਹਿਲਾਂ ਨਹੀਂ ਸੀ ਲਿਖਿਆ, ਕਿਉਂਕਿ ਪ੍ਰਤਾਪ ਸਿੰਘ ਕੈਰੋਂ ਮਹਾਰਾਜ ਬੀਰ ਸਿੰਘ ਨੂੰ ਸਖ਼ਤ ਸਜ਼ਾ ਦੇਣਾ ਚਾਹੁੰਦਾ ਸੀ। ਕੈਰੋਂ ਆਮ ਲੋਕਾਂ ਵਿੱਚ ਕਹਿੰਦਾ ਸੁਣਿਆ ਗਿਆ ਸੀ ਕਿ ਨਾਮਧਾਰੀ ਕੀੜੀ ਨਹੀਂ ਮਾਰਦੇ ਬੰਦਾ ਮਾਰ ਦਿੰਦੇ ਹਨ। ਫੈਸਲੇ ਦੀ ਤਾਰੀਖ ਦਾ ਕੇਵਲ ਵਕੀਲਾਂ ਨੂੰ ਹੀ ਪਤਾ ਸੀ, ਆਮ ਲੋਕਾਂ ਨੂੰ ਨਹੀਂ। ਪ੍ਰਤਾਪ ਸਿੰਘ ਕੈਰੋਂ ਤੇ ਮਹਾਰਾਜ ਨਿਹਾਲ ਸਿੰਘ ਇਹਨਾਂ ਨੂੰ ਫਾਂਸੀ ਦੀ ਸਜ਼ਾ ਦਿਵਾਣ ਤੱਕ ਤੁੱਲੇ ਹੋਏ ਸਨ। ਜੱਜ ਨੇ ਫੈਸਲਾ ਰਿਜ਼ਰਵ ਰੱਖਿਆ ਸੀ। ਫੈਸਲੇ ਤੋਂ ਇੱਕ ਦਿਨ ਪਹਿਲਾਂ ਬਾਬਾ ਜਗਜੀਤ ਸਿੰਘ ਜੀ ਤੇ ਮੈਂ ਜੀਵਨ ਨਗਰ ਤੋਂ ਫਿਰੋਜ਼ਪੁਰ ਗਏ। ਇਨ੍ਹਾਂ ਨੂੰ ਫਿਰੋਜ਼ਪੁਰ ਛੱਡ ਕੇ ਫੀਅਟ ਗੱਡੀ ਵਿੱਚ ਉਸੇ ਰਾਤ ਮੈਂ ਚੰਡੀਗੜ੍ਹ ਗਿਆ। ਚੰਡੀਗੜ੍ਹ ਤੋਂ ਅਵਿਨਾਸ਼ਾ ਸਿੰਘ ਵਕੀਲ ਨੂੰ ਨਾਲ ਲੈ ਕੇ ਰਾਤੋ ਰਾਤ ਮੈਂ ਫਿਰੋਜ਼ਪੁਰ ਜੱਜ ਨਾਲ ਮੁਲਾਕਾਤ ਕਰਾ ਕੇ (ਜੋ ਕਿ ਅਵਿਨਾਸ਼ਾ ਸਿੰਘ ਦਾ ਦੋਸਤ ਸੀ) ਰਾਤੋ ਰਾਤ (ਉਸੇ ਰਾਤ) ਹੀ ਅਵਿਨਾਸ਼ਾ ਸਿੰਘ ਨੂੰ ਚੰਡੀਗੜ੍ਹ ਵਾਪਸ ਛੱਡ ਕੇ ਫਿਰੋਜ਼ਪੁਰ ਪਹੁੰਚਿਆ। ਸਾਰੀ ਰਾਤ ਹੀ ਚਲਦਾ ਰਿਹਾ। ਕੈਰੋਂ ਦੇ ਡਰ ਕਰ ਕੇ ਇਹ ਸਾਰਾ ਕੁਝ ਕਰਨਾ ਪਿਆ। ਅਗਲੇ ਦਿਨ ਜੱਜ ਨੇ ਫੈਸਲਾ ਸੁਣਾਇਆ, ਘਸੀਟਾ ਸਿੰਘ ਫਾਂਸੀ, ਗੁਰਦੀਪ ਤੇ ਉਸ ਦਾ ਭਰਾ ਦੋਨਾਂ ਨੂੰ ੨੦-੨੦ ਸਾਲ ਦੀ ਕੈਦ, ਮਹਾਰਾਜ ਬੀਰ ਸਿੰਘ ਜੀ ਬਰੀ ਹੋ ਗਏ। ਬੈਨੀਫਿਟ ਆਫ ਡਾਊਟ ਕਲਾਸ ਨਾਲ ਬਰੀ ਹੋਏ। ਫੇਰ ਸਤਿਗੁਰੂ ਜੀ ਮਹਾਰਾਜ ਬੀਰ ਸਿੰਘ ਜੀ ਨੂੰ ਨਾਲ ਲੈ ਕੇ ਭੈਣੀ ਸਾਹਿਬ ਚਲੇ ਗਏ। ਮੈਂ ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨਾਲ ਫੀਅਟ ਗੱਡੀ ਤੇ ਸਾਂ। ਭਾਖੜਾ ਨਹਿਰ ਤੇ ਆ ਕੇ ਪੈਟਰੋਲ ਮੁੱਕ ਗਿਆ। ਬਾਬਾ ਜੀ ਤਾਂ ਨਹਿਰ ਤੇ ਗੱਡੀ ਵਿੱਚ ਸੌਂ ਗਏ। ਮੈਂ ਰਾਤ ਨੂੰ ਟਰੱਕਾਂ ਤੇ ਜਾ ਕੇ ਤਲਵੰਡੀ ਤੋਂ ਇੱਕ ਦੁਕਾਨ ਤੋਂ ਖਾਲੀ ਪੀਪਾ ਲੈ ਕੇ ਉਸ ਵਿੱਚ ੪ ਗੈਲਨ ਪੈਟਰੋਲ ਪੁਆਇਆ ਤੇ ਪੈਦਲ ਫਿਰੋਜ਼ਪੁਰ ਮੋਗਾ ਰੋਡ ਤੇ ਆਇਆ, ਜੋ ਡੇਢ ਕੁ ਮੀਲ ਦੂਰੀ ਤੇ ਸੀ।

ਪੈਟਰੋਲ ਦਾ ਪੀਪਾ ਮੈਂ ਸਿਰ ਤੇ ਚੁੱਕ ਕੇ ਲਿਆਇਆ। ਰਸਤੇ ਵਿੱਚ ਮੈਨੂੰ ਪੁਲਿਸ ਵਾਲਿਆਂ ਨੇ ਘੇਰ ਲਿਆ ਕਿ ਤੂੰ ਸ਼ਰਾਬ ਲੈ ਕੇ ਆਇਆ ਹੈਂ। ਮੈਂ ਕਿਹਾ ਇਹ ਤਾਂ ਪੈਟਰੋਲ ਹੈ। ਬੜੀ ਮੁਸ਼ਕਲ ਨਾਲ ਮੈਂ ਟਰੱਕਾਂ ਰਾਹੀ ਬੇਅੰਤ ਜੀ ਕੋਲ ਭਾਖੜਾ ਨਹਿਰ ਤੇ ਪੁੱਜਾ ਤੇ ਤੇਲ ਪਾ ਕੇ ਅਸੀ ਭੈਣੀ ਸਾਹਿਬ ਪੁੱਜੇ।

## ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੀਰ ਸ਼ਾਂਤ ਹੋਣਾ

ਇਸੇ ਦੁੱਖ ਭਰੀ ਦਾਸਤਾਂ ਦੇ ਚੱਕਰ ਵਿੱਚ ਸਤਿਗੁਰੂ ਜੀ ਦੀ ਸਿਹਤ ਕਮਜ਼ੋਰ ਹੋ ਗਈ ਤੇ ਮੰਡੀ ਚਲੇ ਗਏ। ਮਹਾਰਾਜ ਨਿਹਾਲ ਸਿੰਘ ਕੈਰੋਂ ਦੀ ਮਦਦ ਨਾਲ ਸਤਿਗੁਰੂ ਜੀ ਨੂੰ ਕਚਹਿਰੀ ਵਿੱਚ ਲਿਜਾਣ ਲਈ ਤੁੱਲੇ ਹੋਏ ਸਨ। ਸਤਿਗੁਰੂ ਜੀ ਕਿਸੇ ਹਾਲਤ ਵਿੱਚ ਵੀ ਕਚਹਿਰੀ ਵਿੱਚ ਜਾਣਾ ਨਹੀਂ ਸੀ ਚਾਹੁੰਦੇ। ਸਰੀਰ ਬਹੁਤ ਕਮਜ਼ੋਰ ਹੋ ਗਿਆ। ਪੇਸ਼ੀ ਦੀ ਤਾਰੀਖ ਤੋਂ ਇੱਕ ਦਿਨ ਪਹਿਲਾਂ (੨੧-੯-੧੯੫੯) ਲੁਧਿਆਣੇ ਤੋਂ ਡਾ: ਗੁਜਰ ਮੱਲ ਤੇ ਉਸ ਦੀ ਟੀਮ ਆਈ ਸੀ। ਡਾ: ਗੁੱਜਰ ਮਲ ਫੈਮਲੀ ਡਾਕਟਰ ਸੀ। ਉਨ੍ਹਾਂ ਡਾਕਟਰਾਂ ਨੂੰ ਮੈ ਤੇ ਸ. ਸੁੱਚਾ ਸਿੰਘ ਸੋਖੀ ਦਿੱਲੀ ਵਾਲਾ ਲੁਧਿਆਣੇ ਛੱਡਣ ਗਏ। ਡਾਕਟਰਾਂ ਨੇ ਦੱਸਿਆ ਕਿ ਕੁਝ ਘੰਟੇ ਹੀ ਕੱਢ ਸਕਦੇ ਹਨ, ਦਿਨ ਨਹੀਂ। ਜਦੋਂ ਅਸੀਂ ਵਾਪਸ ਆਏ ਤਾਂ ਵਰਨੀਆਂ ਵਾਲੀ ਕੋਠੀ ਕੋਲ ਪਹੁੰਚੇ ਤਾਂ ਘੜਿਆਲ ਨੇ ਰਾਤ ਦੇ ੧੨ ਵਜਾਏ, ਉਸ ਤੋਂ ੫-੭ ਮਿੰਟ ਬਾਅਦ ੨੨ ਸਤੰਬਰ ਸੰਨ ੧੯੫੯ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੀਰ ਸ਼ਾਂਤ ਹੋ ਗਿਆ।

ਇਹਨਾਂ ਦਿਨਾਂ ਵਿੱਚ ਸੰਤ ਗੁਰਦੇਵ ਸਿੰਘ ਜੀ ਗੁਰੂ ਘਰ ਕੇ ਕੰਮਾਂ ਵਿੱਚ ਏਨੇ ਰੁੱਝੇ ਹੋਏ ਸਨ ਕਿ ਉਹ ਆਪਣੇ ਘਰ ਛੇ ਮਹੀਨੇ ਬਾਅਦ ੩੧-੮-੧੯੫੯ ਨੂੰ ਹੀ ਜਾ ਸਕੇ, ਉਹ ਵੀ ਸਿਰਫ਼ ਤਿੰਨ ਘੰਟਿਆ ਵਾਸਤੇ।

ਸਸਕਾਰ ਤੇ ਭੋਗ ਦੀ ਪੂਰੀ ਜਾਣਕਾਰੀ ਲੈ ਕੇ ਫੇਰ ਮੈਂ ਰਾਤ ਨੂੰ ਹੀ ਉਸੇ ਵੇਲੇ ਲੁਧਿਆਣੇ ਗਿਆ। ਡਾਕਖਾਨੇ ਤਾਰ ਘਰ ਅੱਧੀ ਰਾਤ ਤੋਂ ਮਗਰੋਂ ਬੰਦ ਹੋ ਗਿਆ ਸੀ। ਲੁਧਿਆਣੇ ਰੇਲਵੇ ਸਟੇਸ਼ਨ ਤੇ ਰੇਲਵੇ ਮੇਲ ਆਫਿਸ ਦੇ ਤਾਰਘਰ ਤੋਂ ਤਾਰਾਂ ਦੇਣੀਆਂ ਸ਼ੁਰੂ ਕੀਤੀਆਂ-ਆਲ ਇੰਡੀਆ ਰੇਡੀਉ ਜਲੰਧਰ ਤੇ ਦਿੱਲੀ ਦੀਆਂ ਅਖਬਾਰਾਂ, ਸਮੁੱਚੇ ਨਾਮਧਾਰੀ ਪੰਥ ਨੂੰ ਅਫਰੀਕਾ, ਥਾਈਲੈਂਡ, ਇੰਡੀਆ ਦੇ ਸਾਰੇ ਵੱਡੇ-ਵੱਡੇ ਸ਼ਹਿਰਾਂ ਵਿੱਚ ਜਿੱਥੇ-ਜਿੱਥੇ ਨਾਮਧਾਰੀ ਸੰਗਤ ਸੀ। ਜਿਨ੍ਹੇ ਵੀ

ਵੱਧ ਤੋਂ ਵੱਧ ਮੇਰੇ ਕੋਲ ਐਡਰੈਸ ਸਨ, ਸਭ ਨੂੰ ੨੫੦ ਰੁੱਪਿਆ ਦੀਆਂ ੭੫ ਤਾਰਾਂ ਦਿੱਤੀਆਂ ਕਿ ਏਨੇ ਵਜੇ ਸਸਕਾਰ ਤੇ ਏਨੀ ਤਾਰੀਖ ਨੂੰ ਭੋਗ ਪਏਗਾ। ਦਿਨ ਚੜ੍ਹਦੇ ਨਾਲ ਮੈਂ ਭੈਣੀ ਸਾਹਿਬ ਆ ਗਿਆ। ਸਵੇਰੇ ਹੀ ਬੱਸਾਂ ਰਾਹੀਂ, ਕਾਰਾਂ ਰਾਹੀਂ, ਸੰਗਤ ਨੂੰ ਜੋ ਸਵਾਰੀ ਮਿਲੀ, ਭੈਣੀ ਸਾਹਿਬ ਸਤਿਗੁਰੂ ਜੀ ਦੇ ਆਖਰੀ ਦਰਸ਼ਨਾਂ ਲਈ ਪਹੁੰਚ ਗਏ। ਜਿਵੇਂ-ਜਿਵੇਂ ਪਤਾ ਲਗਿਆ ਸਭ ਨਾਮਧਾਰੀਆਂ ਨੇ ਵਹੀਰਾਂ ਘੱਤ ਲਈਆਂ ਆਪਣੇ ਪ੍ਰੀਤਮ ਦੇ ਆਖਰੀ ਦਰਸ਼ਨਾਂ ਲਈ। ਰੇਡੀਓ ਰਾਹੀਂ, ਅਖਬਾਰਾਂ ਰਾਹੀਂ, ਸਾਰੇ ਪਤਾ ਲੱਗ ਗਿਆ ਸੀ। ਸਤਿਗੁਰੂ ਜੀ ਦੇ ਪਹਿਲਾਂ ਹੀ ਕੀਤੇ ਹੁਕਮ ਮੁਤਾਬਕ, ਸੰਤ ਇੰਦਰ ਸਿੰਘ ਚੱਕਰਵਰਤੀ ਨੇ ਐਲਾਨ ਕਰ ਦਿੱਤਾ ਕਿ ਬਾਬਾ ਜਗਜੀਤ ਸਿੰਘ ਹੁਣ ਨਾਮਧਾਰੀ ਪੰਥ ਦੇ ਸਤਿਗੁਰੂ ਹਨ।

ਵਰਨੀਆਂ ਵਾਲੀ ਕੋਠੀ ਦੇ ਨਾਲ ਇੱਕ ਛੱਪਰ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਥੜ੍ਹੇ ਤੇ ਬੈਠ ਕੇ ਭਜਨ ਕਰਦੇ ਹੁੰਦੇ ਸਨ। ਛੱਪਰ ਦੇ ਨਾਲ ਇੱਕ ਅੰਬ ਦਾ ਦਰਖ਼ਤ ਸੀ, ਉਸ ਨੂੰ ਪੁੱਟ ਕੇ ਉਸ ਥਾਂ ਤੇ ਸਤਿਗੁਰਾਂ ਦਾ ਸਸਕਾਰ ਕੀਤਾ ਸੀ। ਅੱਜ ਕੱਲ੍ਹ ਉਸ ਥੜ੍ਹੇ ਤੇ ਸਸਕਾਰ ਵਾਲੀ ਥਾਂ ਤੇ ਇੱਕ ਵੱਡਾ ਪੱਕਾ ਹਾਲ ਬਣਿਆ ਹੋਇਆ ਹੈ। ਚਿਖਾ ਲਈ ਚੰਦਨ ਦੀ ਲਕੜੀ ਤੇ ਹੋਰ ਸਮਗਰੀ ਵਗੈਰਾ ਲੁਧਿਆਣੇ ਤੋਂ ਲਿਆਂਦੀ। ਸਤਿਗੁਰੂ ਜੀ ਦੇ ਬਿਬਾਣ ਨੂੰ ਜਲੂਸ ਦੀ ਸ਼ਕਲ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਅਸਥਾਨ ਤੇ ਲਿਆ ਕੇ ਮੱਥਾ ਟਿਕਾ ਕੇ ਫੇਰ ਸਸਕਾਰ ਵਾਲੀ ਥਾਂ ਤੇ ਲਿਆਂਦਾ ਗਿਆ। ਭੋਗ ਤੇ ਦਸਤਾਰ ਬੰਦੀ ਪਹਿਲਾਂ ਹੀ ੧੦ ਸਤੰਬਰ ਸੰਨ ੧੯੫੯ ਨੂੰ ਹੀ ਨਿਸਚਿਤ ਹੋ ਗਏ ਸਨ, ਕਉਂਕਿ ਅੱਸੂ ਦੇ ਮੇਲੇ ਦੀਆਂ ਤਰੀਕਾਂ ਪਹਿਲਾਂ ਹੀ ੧੦ ਸਤੰਬਰ ਨੂੰ ਹੁੰਦੀਆਂ ਸਨ।

ਦਸਤਾਰ ਬੰਦੀ ਦੀ ਰਸਮ ਲਈ ਸਾਰੀਆਂ ਸੰਪ੍ਰਦਾਵਾਂ ਅਕਾਲੀ, ਸਾਧੂ, ਨਾਨਕ ਨਾਮ ਲੇਵਾ ਤੇ ਪੁਲੀਟੀਕਲ ਹਸਤੀਆਂ ਸਭਨਾਂ ਨੂੰ ਹੀ ਸੱਦੇ ਭੇਜੇ ਗਏ ਸਨ। ਸੂਬਾ ਗੁਰਬਖ਼ਸ਼ ਸਿੰਘ ਚੱਕ, ਇੰਦਰ ਸਿੰਘ ਚਕਰਵਰਤੀ, ਸ: ਹਾਕਮ ਸਿੰਘ ਜੀ ਕੱਕੜ, ਸੰਤ ਰੀਡਾ ਸਿੰਘ ਜੀ ਸੂਬਾ ਦਿੱਲੀ, ਸ: ਚੰਨਣ ਸਿੰਘ ਜੀ ਥਰਾਜ, ਨਾਹਰ ਸਿੰਘ ਜੀ ਗੁਰੂਸਰ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਸਾਲਾ ਸਾਹਿਬ ਤੇ ਉਨ੍ਹਾਂ ਦੇ ਸਪੁੱਤਰ ਸ: ਰਜਿੰਦਰ ਸਿੰਘ ਜੀ ਗੁਰੂਸਰ) ਸਾਰਿਆਂ ਨੇ ਬੈਠਕੇ ਸੋਚ ਵਿਚਾਰ ਕਰਕੇ ਫੈਸਲਾ ਕੀਤਾ ਕਿ ਸਸਕਾਰ ਤੋਂ ਪਹਿਲਾਂ ਪਹਿਲਾਂ ਹੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਤਰਾਧਿਕਾਰੀ ਦਾ ਨਿਰਣਯ ਹੋ ਜਾਣਾ ਚਾਹੀਦਾ ਹੈ, ਨਹੀਂ ਤਾਂ ਸਤਾਰਵੇਂ ਤੱਕ ਅਸੀ ਕਿਸ ਨੂੰ ਮੱਥਾ ਟੇਕਾਂਗੇ। ਮਹਾਰਾਜ ਨਿਹਾਲ ਸਿੰਘ ਜੀ ਤੇ ਮਹਾਰਾਜ ਜੰਗ ਸਿੰਘ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਵੀ ਇਹੋ ਹੀ ਕਿਹਾ ਕਿ ਬਾਬਾ ਜਗਜੀਤ ਸਿੰਘ ਦਾ ਹੀ ਹੱਕ ਬਣਦਾ ਹੈ। ਸਭ ਤੋਂ ਪਹਿਲਾਂ ਮੈਂ ਪੱਗ ਤੇ ਪੰਜ ਰੁੱਪਏ ਰੱਖ ਕੇ ਮੱਥਾ ਟੇਕਾਂਗਾ—ਮਹਾਰਾਜ ਜੰਗ ਸਿੰਘ ਜੀ ਨੇ ਕਿਹਾ।

ਰਜਿੰਦਰ ਸਿੰਘ ਗੁਰੂਸਰ ਵਾਲੇ ਨੇ ਚਕ੍ਰਵਰਤੀ ਜੀ ਨੂੰ ਕਿਹਾ, "ਸੋਚਾਂ ਵਿੱਚ ਨਾ ਪਵੋ ਸਰੀਰ ਚਿਖਾ ਤੇ ਰੱਖਦਿਆਂ ਹੀ ਤੁਸੀ ਆਪ ਹੀ ਅਰਦਾਸ ਸ਼ੁਰੂ ਕਰ ਦੇਣੀ, ਕਿਸੇ ਨੂੰ ਮੌਕਾ ਨਾ ਦੇਣਾ ਤੇ ਉੱਚੀ ਅਵਾਜ਼ ਵਿੱਚ ਬਾਬਾ ਜਗਜੀਤ ਸਿੰਘ ਜੀ ਦਾ ਨਾਂ ਗੁਰੂ ਰੂਪ ਵਿੱਚ ਲੈ ਲੈਣਾ, ਉਹ ਹੀ ਗੁਰੂਗੱਦੀ ਦੇ ਹਕੀਕੀ ਵਾਰਸ ਹੈਨ ਅਤੇ ਸਹੀ ਅਰਥਾਂ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਪਿੱਛੋਂ ਨਾਮਧਾਰੀ ਪੰਥ ਦੇ ਸਤਿਗੁਰੂ ਹੈਨ, ਇਸ ਦੇ ਨਾਲ ਹੀ ਸਾਰੀ ਸੰਗਤ ਦੇ ਸ਼ੰਕੇ ਦੂਰ ਹੋ ਜਾਣਗੇ ਤੇ ਨਾਲ ਹੀ ਅਸੀਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰੂ ਰੂਪ ਵਿੱਚ ਨਮਸਕਾਰ ਕਰ ਦਿਆਂਗੇ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਜਲੂਸ ਦੀ ਸ਼ਕਲ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਮੱਥਾ ਟਿਕਾ ਕੇ ਮਾਤਾ ਭੁਪਿੰਦਰ ਕੌਰ ਜੀ ਦੇ ਸਸਕਾਰ ਸਥਾਨ ਦੀ ਸੇਧ ਤੇ ਹੀ ਚੰਦਨ ਦੀ ਚਿਖਾ ਤਿਆਰ ਕੀਤੀ ਗਈ ਤੇ ਸ਼ਾਮ ਦੇ ੬ ਵਜੇ ਸਸਕਾਰ ਕੀਤਾ ਗਿਆ। ਉਸ ਦਿਨ ਤੋਂ ਅਜ ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲ ਰਹੇ ਹਨ।

## ਦਸਤਾਰ ਬੰਦੀ

ਦਸਤਾਰ ਬੰਦੀ ਦੇ ਮੌਕੇ ਤੇ ਸਾਰੀਆਂ ਸੰਪ੍ਰਦਾਵਾਂ ਨੂੰ, ਵੱਡੇ ਲੀਡਰਾਂ ਨੂੰ ਤੇ ਹੋਰ ਪਤਵੰਤੇ ਸੱਜਣਾਂ ਨੂੰ ਸੱਦਾ ਪੱਤਰ ਭੇਜੇ ਗਏ। ਸਾਰਿਆਂ ਨੇ ਸਤਿਕਾਰ ਵਜੋਂ ਅਪਣੀ-ਆਪਣੀ ਰਸਮ ਮੁਤਾਬਕ ਪੱਗਾਂ ਲਿਆਂਦੀਆਂ ਪਰ ਕਿਸੇ ਦੀ ਵੀ ਪੱਗ ਨਹੀਂ ਸੀ ਰੱਖੀ। ਨਾਮਧਾਰੀ ਪੰਥ ਵਲੋਂ ਭਾਈ ਵਜ਼ੀਰ ਸਿੰਘ ਦੇ ਹੱਥੀਂ ਦਸਤਾਰ ਭੇਟ ਕੀਤੀ ਗਈ। ਇਸ ਮੌਕੇ ਤੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਆਈ ਸੀ। ਸਾਰੇ ਮੁਖੀਆਂ ਨੇ ਤੇ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੇ ਭਾਸ਼ਣ

ਦਿੱਤੇ। ਰਾਧਾ ਸੁਆਮੀ ਮਹਾਰਾਜ ਜੀ ਅਤੇ ਹੋਰ ਅਨੇਕ ਮਹਾਨ ਹਸਤੀਆਂ ਨੇ ਖਾਸ ਕਰਕੇ ਦਰਸ਼ਨ ਦਿੱਤੇ ਸਨ। ਅਕਾਲੀ, ਨਿਹੰਗ ਸਿੰਘ, ਸਿੰਘ ਸਭੀਏ ਤੇ ਸਰਕਾਰ ਪੰਜਾਬ ਦੇ ਲੀਡਰ—ਸਭਨਾ ਨੇ ਭਾਸ਼ਣ ਦਿੱਤੇ। ਸਤਿਗੁਰੂ ਜੀ ਨੇ ਆਪਣੀ ਨਵੀਂ ਦਸਤਾਰ ਸਜਾ ਕੇ ਨਵੇਂ ਗੁਰੂ ਰੂਪ ਵਿੱਚ ਖਲੋ ਕੇ ਸੰਗਤ ਨੂੰ ਦਰਸ਼ਨ ਦਿੱਤੇ। ਉਸ ਸਮੇ ਅਨੇਕਾਂ ਹੀ ਫੋਟੂਆਂ ਖਿੱਚੀਆਂ ਗਈਆਂ ਅਤੇ ਇੱਕ ਮੂਵੀ ਵੀ ਬਣਾਈ ਗਈ ਸੀ। ਇਕੱਠ ਦਾ ਅੰਦਾਜ਼ਾ ਏਥੋਂ ਲਗਦਾ ਹੈ ਕਿ ਇੱਕ ਘੰਟੇ ਵਿੱਚ ੯ ਮਣ ਆਟਾ ਨੌ ਹੀ ਲੋਹਾਂ ਤੇ ਲੰਗਰ ਵਿੱਚ ਪੱਕਦਾ ਸੀ। ੯ ਸਤੰਬਰ ਨੂੰ ੧੩੦ ਮਣ ਅਤੇ ੧੦ ਦਸੰਮਬਰ ਭੋਗ ਵਾਲੇ ਦਿਨ ੧੮੦ ਮਣ ਆਟਾ ਲੰਗਰ ਵਿੱਚ ਪਕਿਆ ਸੀ। ਸਾਧ ਸੰਗਤ ਦੇ ਰਹਿਣ ਵਾਸਤੇ ੪੭੫ ਤੰਮਬੋਟੀਆਂ ਲੱਗੀਆਂ ਸਨ। ਪੰਡਾਲ ਹਰਿਮੰਦਰ ਦੇ ਸਾਹਮਣੇ ਸੱਜੇ ਪਾਸੇ ਵਾਲੇ ਖੁੱਲੇ ਮੈਦਾਨ ਵਿੱਚ ਬਣਿਆ ਸੀ, ਜਿਸ ਵਿੱਚ ੫੦,੦੦੦ ਬੰਦੇ ਬੈਠ ਸਕਦੇ ਸਨ। ਭੋਗ ਤੇ ੧੦੫ ਪਾਠ ਮੇਲੇ ਦੀ ਸਮਾਪਤੀ ਅਤੇ ੯੦੮ ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਮਿਤ ਪਾਏ ਗਏ ਸਨ। ਗੁਰਗੱਦੀ ਦੀ ਰਸਮ ਦੁਪਹਿਰ ਇੱਕ ਵੱਜ ਕੇ ਪੰਜਾਹ ਮਿੰਟ ਤੇ ਪੂਰੀ ਹੋਈ ਸੀ। ਸਾਰਾ ਪ੍ਰੋਗਰਾਮ ਸਫਲਤਾ ਅਤੇ ਸ਼ਾਂਤੀ ਪੂਰਵਕ ਹੋ ਨਿਬੜਿਆ ਤੇ ਕੋਈ ਵਿਘਨ ਨਹੀਂ ਸੀ ਪਿਆ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿੱਚ ੧੯੫੯ ਤੋਂ ੧੯੬੭

ਅਗਸਤ ੧੯੫੯ ਤੋਂ ਬਾਅਦ ਸੰਤ ਗੁਰਦੇਵ ਸਿੰਘ ਜੀ ਪੱਕੇ ਤੌਰ ਤੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿੱਚ ਰਹਿਕੇ ਉਹਨਾਂ ਦੇ ਡਰਾਈਵਰ ਅਤੇ ਸੈਕਟਰੀ ਦੇ ਕੰਮ ਵਿੱਚ ਰੁੱਝ ਗਏ। ਡਾਇਰੀ ਲਿਖਣ ਦਾ ਸ਼ੌਕ ਤੇ ਉਹਨਾਂ ਨੂੰ ਹੈ ਸੀ। ਸੋ ਰੋਜ਼ ਦਾ ਰੋਜ਼ ਜੋ ਕੁਝ ਉਥੇ ਵਰਤਦਾ ਉਹ ਲਿਖਦੇ ਰਹਿੰਦੇ। ੧੨-੯-੧੯੫੯ ਦੀ ਡਾਇਰੀ ਵਿੱਚ ਉਹ ਲਿਖਦੇ ਹਨ ਕਿ ਅੱਜ ਪਹਿਲੀ ਵਾਰੀ ਸਤਿਗੁਰੂ ਜਗਜੀਤ ਸਿੰਘ ਜੀ ਫ਼ੀਏਟ ਕਾਰ ਨੰਬਰ DLE-੨੨੧੬ ਤੇ ਝੰਡੀ ਲਗਾ ਕੇ ਸ੍ਰੀ ਭੈਣੀ ਸਾਹਿਬ ਮੰਦਰਾਂ ਤੇ ਅਕਾਲ ਬੁੰਗੇ ਦੇ ਦਰਸ਼ਨਾਂ ਨੂੰ ਗਏ ਅਤੇ ਫਿਰ ਅਰਦਾਸ ਕਰਕੇ ਦੌਰੇ ਆਰੰਭ ਕੀਤੇ। ਡਾਕਟਰ ਹਰਦਾਸ ਮੱਲ ਨੇ ਜੈਕਾਰਾ ਛੱਡਿਆ। ਸੰਤ ਗੁਰਦੇਵ ਸਿੰਘ ਜੀ ਨੇ ਡਰਾਈਵਰ ਦੀ ਡਿਊਟੀ ਨਿਭਾਈ। ਲੁਧਿਆਣੇ ਤੋਂ ਸਤਿਗੁਰੂ ਜੀ ਸ਼ਿਵਰਲੈਟ ਕਾਰ ਨੰਬਰ KLG-੧੭ ਤੇ ਜੰਡਿਆਲੇ ਦੁਆਬਾ ਵਿੱਚ ਗਏ। ਇਸ ਤਰ੍ਹਾਂ ਸਤਿਗੁਰੂ ਜਗਜੀਤ ਜੀ ਨੇ ਹੁਣ ਦੇਸ਼ ਵਿਦੇਸ਼ ਦੇ ਦੌਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਵਿੱਚ ਡੁੱਬੀ ਨਾਮਧਾਰੀ ਸਾਧ ਸੰਗਤ ਨੂੰ ਸਾਂਤਵਨਾ ਦੇਣ ਵਾਸਤੇ ਆਰੰਭ ਕੀਤੇ। ਇਹਨਾਂ ਦੌਰਿਆਂ ਵਿੱਚ ਗੁਰਦੇਵ ਸਿੰਘ ਜੀ ਨੇ ਮਹੱਤਵਪੂਰਨ ਭੂਮਿਕਾ ਤੇ ਨਿਭਾਈ ਹੀ ਪਰ ਨਾਲ-ਨਾਲ ਆਪਣੀ ਨਿਜੀ ਡਾਇਰੀ ਵਿੱਚ ਇਹਨਾਂ ਦੌਰਿਆਂ ਬਾਰੇ ਲਿਖਦੇ ਵੀ ਰਹੇ।

੨੭ ਸਤੰਬਰ ਸੰਨ ੧੯੫੯ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੁਕਤਸਰ ਦਰਸ਼ਨ ਦਿੱਤੇ। ਅੱਜ ਤੋਂ ਹੀ ਸਤਿਗੁਰੂ ਜੀ ਨੇ ਆਪਣੇ ਹੱਥ ਵਾਲੀ ਘੜੀ ਲਾਹ ਦਿੱਤੀ ਅਤੇ ਜੇਬ ਵਾਲੀ ਰੱਖਣੀ ਸ਼ੁਰੂ ਕਰ ਦਿੱਤੀ।

੩ ਅਕਤੂਬਰ ਸੰਨ ੧੯੬੧ (੧੭ ਅੱਸੂ ੨੦੧੬) ਨੂੰ ੧੧ ਵਜੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲੀ ਵਾਰ ਆਲ ਇੰਡੀਆ ਥਰਡ ਲਿਖਾਰੀ ਕਾਨਫਰੰਸ ਵਿੱਚ ਆਰੰਭਿਕ ਭਾਸ਼ਨ ਦਿੱਤਾ। ਬਹੁਤ ਹੀ ਸ਼ਾਨਦਾਰ ਅਤੇ ਕਾਮਯਾਬ ਪ੍ਰੋਗਰਾਮ ਹੋਇਆ।

੧੧ ਅਕਤੂਬਰ ਸੰਨ ੧੯੫੯ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਲੁਧਿਆਣੇ ਦੁਸਹਿਰਾ ਗਰਾਊਂਡ ਵਿੱਚ ਦੁਸਹਿਰੇ ਦੇ ਮੇਲੇ ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਬਹੁਤ ਹੀ ਪ੍ਰਭਾਵਸ਼ਾਲੀ ਤਕਰੀਰ ਕੀਤੀ। ਇਹ ਤਕਰੀਰ ਅਖ਼ਬਾਰ ਵਿੱਚ ਛਪੀ ਹੋਈ ਮੈਂ ਵੀ ਪੜ੍ਹੀ ਸੀ। ਇਸ ਵਿੱਚ ਸਤਿਗੁਰੂ ਜੀ ਨੇ ਰਾਮਾਇਣ ਅਤੇ ਰਾਮ ਚੰਦਰ ਜੀ ਬਾਰੇ ਬਚਨ ਕੀਤੇ ਸਨ ਜੋ ਬਹੁਤ ਹੀ ਦਾਰਸ਼ਨਿਕ ਰੂਪ ਵਿੱਚ ਸਨ।

੨ ਨਵੰਬਰ ਸੰਨ ੧੯੫੯ (੧੭ ਕੱਤਕ ੨੦੧੬) ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੰਡੀ ਹਿਮਾਚਲ ਪ੍ਰਦੇਸ਼ ਵਿਖੇ ਦਰਸ਼ਨ ਦਿੱਤੇ। ਸ਼ਾਮ ਦੇ ਨਿਤਨੇਮ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਕੀਤੇ ਹੋਏ ਉਪਦੇਸ਼ ਵੀ ਸੁਣਾਏ ਗਏ। ਇਹ ਪ੍ਰੰਪਰਾ ਹੁਣ ਤਕ ਜਾਰੀ ਹੈ ਜਿਸ ਕਾਰਣ ਨਾਮਧਾਰੀ ਸਾਧ ਸੰਗਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਹਨਾਂ ਦੀ ਬਾਣੀ ਦੁਵਾਰਾ ਦਰਸ਼ਨ ਹੁੰਦਾ ਹੀ ਰਹਿੰਦਾ ਹੈ ਅਤੇ ਉਹਨਾਂ ਦੀ ਯਾਦ ਹਮੇਸ਼ਾਂ ਤਾਜਾ ਰਹਿੰਦੀ ਹੈ।

ਉਸ ਤੋਂ ਬਾਅਦ ਨਵੀਂ ਜੀਪ ਸਟੇਸ਼ਨ ਵੈਗਨ ਸਟੀਲ ਬੌਡੀ, ਅਨੰਦਪੁਰ ਸਾਹਿਬ ਦੇ ਪਤਵੰਤੇ ਸੱਜਣਾਂ ਦੀ ਕੰਪਨੀ, ਦਿੱਲੀ ਕੋਲੋਂ ਨਵੀਂ ਲਈ ਸੀ ਤੇ ਪ੍ਰੋਗਰਾਮ ਮੁਤਾਬਕ ਦੇਸ ਪ੍ਰਦੇਸ ਦੇ ਦੌਰੇ ਜਾਰੀ ਰਹੇ। ੧੯੫੯ ਤੋਂ ੧੯੬੬ ਤੱਕ ਸੰਤ ਗੁਰਦੇਵ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਹੀ ਰਹੇ। ਜਿਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੈਕਟਰੀ, ਡਰਾਈਵਰੀ, ਦੀ ਸੇਵਾ ਕੀਤੀ, ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵੀ ਪੂਰੀ ਨਿਭਾਈ।

## ਲਾਹੌਰ ਦਾ ਦੌਰਾ

ਸਤਿਗੁਰੂ ਸਾਰੀ ਸ੍ਰਿਸ਼ਟੀ ਦਾ ਕਰਤਾ ਹਰਤਾ ਹੈ, ਇਸ ਕਰਕੇ ਉਸ ਦੇ ਪ੍ਰੇਮੀ ਵੀ ਸਾਰੀ ਸ੍ਰਿਸ਼ਟੀ ਵਿੱਚ ਰਹਿੰਦੇ ਹਨ। ਜਦੋਂ ਕੋਈ ਪ੍ਰੇਮੀ ਉਹਨਾਂ ਨੂੰ ਅੰਦਰੋਂ ਯਾਦ ਕਰਦਾ ਹੈ ਤਾਂ ਸਤਿਗੁਰੂ ਜੀ ਉਸ ਨੂੰ ਦਰਸ਼ਨ ਦੇਣ ਲਈ ਮਜਬੂਰ ਹੋ ਜਾਂਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦਾ ਇੱਕ ਪ੍ਰੇਮੀ ਮੌਲਵੀ ਲਾਹੌਰ ਰਹਿੰਦਾ ਸੀ। ਜਦੋਂ ਉਸ ਨੇ ਆਪਣੇ ਅੰਤਮ ਸਵਾਸਾਂ ਨੂੰ ਨੇੜੇ ਮਹਿਸੂਸ ਕੀਤਾ ਤਾਂ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਮੰਗ ਕੀਤੀ। ਉਹ ਮਨਜ਼ੂਰ ਹੋ ਗਈ। ਇਸ ਦੌਰੇ ਦੇ ਬਾਰੇ ਗੁਰਦੇਵ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ।

੧੬ ਦਸੰਬਰ ੧੯੬੧ ਨੂੰ ਆਪਣੀ ਜੀਪ ਸਟੇਸ਼ਨ ਵੈਗਨ ਤੇ ਅੰਮ੍ਰਿਤਸਰ ਤੋਂ ਲਾਹੌਰ ਗਏ। ਲੰਗਰ ਪਾਣੀ ਆਪਣਾ ਨਾਲ ਬਣਾ ਕੇ ਲੈ ਕੇ ਗਏ। ਮੈਂ, ਸਤਿਗੁਰੂ ਜਗਜੀਤ ਸਿੰਘ ਜੀ, ਗੁਲਜ਼ਾਰ ਸਿੰਘ ਤੇ ਇੱਕ ਦੋ ਲਾਂਗਰੀ ਹੋਰ ਨਾਲ ਸਨ। ਮੌਲਵੀ ਜੋ ਸਤਿਗੁਰੂ ਜੀ ਦੇ ਸਾਜ਼ ਮੁਰੰਮਤ ਕਰਦਾ ਹੁੰਦਾ ਸੀ, ਉਸ ਦੀ ਚਿੱਠੀ ਆਈ ਕਿ, "ਮੈਂ ਹੁਣ ਆਖਰੀ ਸਾਹਵਾਂ ਤੇ ਹਾਂ ਤੇ ਆ ਕੇ ਦਰਸ਼ਨ ਦੇ ਜਾਉ।" ਮੌਲਵੀ ਦਾ ਨਾਂ ਫਜ਼ਲ ਮੁਹੰਮਦ ਸੀ। ਉਸ ਦਾ ਲੜਕਾ ਸਾਨੂੰ (ਅਟਾਰੀ ਬਾਰਡਰ ਦੇ) ਬੈਰੀਅਰ ਤੇ ਆ ਕੇ ਮਿਲਿਆ। ਉਸ ਦੇ ਨਾਲ ਉਸ ਦੇ ਘਰ ਲਹੌਰੀ ਗੇਟ ਜੋ ਅਨਾਰ ਕਲੀ ਦੇ ਨੇੜੇ ਸੀ, ਉੱਥੇ ਚੁਬਾਰੇ ਵਿੱਚ ਮੌਲਵੀ ਨੂੰ ਦਰਸ਼ਨ ਦਿੱਤੇ। ਇਸ ਤੋਂ ਪਹਿਲਾਂ ਹੋਰ ਪ੍ਰੇਮੀਆਂ ਨੂੰ ਸਤਿਗੁਰੂ ਜੀ ਦੇ ਲਾਹੌਰ ਆਉਣ ਦੀ ਖਬਰ ਦਿੱਤੀ ਹੋਈ ਸੀ। ਉਹ ਸਾਰੇ ਆ ਕੇ ਮਿਲੇ, ਖਾਸ ਕਰਕੇ ਰਾਮਚੰਦ ਪਟਵਾਰੀ ਜੋ ਪਾਕਿਸਤਾਨ ਹੀ ਰਹਿੰਦਾ ਸੀ, ਉਹ ਵੀ ਆਇਆ ਸੀ। ਉਥੋਂ ਮੁਜੰਗੀ ਆਏ ਤੇ ਸਾਰੇ ਰਾਗੀਆਂ ਰਬਾਬੀਆਂ ਤੋਂ ਸੰਗੀਤ ਸੁਣਿਆ। ਸਾਰਿਆਂ ਨੂੰ ਸਿਰੋਪਾਉ ਦਿੱਤੇ। ਸਾਰੇ ਰਾਗੀ ਰਬਾਬੀ ਮਿਲ ਕੇ ਬਹੁਤ ਖੁਸ਼ ਹੋਏ। ਮੁਜੰਗੀ ਵਾਪਸ ਜਾਣ ਦੀ ਰਿਪੋਰਟ ਲਿਖਾ ਕੇ ਸੂਰਜ ਛਿਪਦੇ ਨਾਲ ਵਾਪਸ ਅੰਮ੍ਰਿਤਸਰ ਆਏ ਤੇ ਐਸ. ਪੀ. ਦੇ ਦਫਤਰ ਵਿੱਚ ਹਾਜ਼ਰੀ ਲਗਵਾਈ।

## ਵਰਲਡ ਵੈਜੀਟੇਰੀਅਨ ਕਾਨਫਰੰਸ

ਸੰਨ ੧੯੬੧ ਵਿੱਚ ਵਰਲਡ ਵੈਜੀਟੇਰੀਅਨ ਕਾਨਫਰੰਸ ਜਪਾਨ ਵਿੱਚ ਹੋਈ। ਸਤਿਗੁਰੂ ਜਗਜੀਤ ਸਿੰਘ ਜੀ ਇਸ ਕਾਨਫਰੰਸ ਵਿੱਚ ਹਿੱਸਾ ਲੈਣ ਵਾਸਤੇ ੧੨ ਅਕਤੂਬਰ ਸੰਨ ੧੯੬੧ ਨੂੰ ਗਏ ਸਨ। ਵਾਪਸੀ ਤੇ ੧੯ ਅਕਤੂਬਰ ਨੂੰ ਹਾਂਗਕਾਂਗ ਪਹੁੰਚੇ ਅਤੇ ਫੇਰ ਬੈਂਕੋਕ ਹੁੰਦੇ ਹੋਏ ੨੨ ਅਕਤੂਬਰ ਨੂੰ ਕਲਕੱਤੇ ਆ ਗਏ। ਗੁਰਦੇਵ ਸਿੰਘ ਹੁਰੀਂ ਵੀ ਇਸ ਕਾਨਫਰੰਸ ਤੇ ਨਾਲ ਹੀ ਗਏ ਸਨ ਅਤੇ ਉਹਨਾਂ ਦੀ ਨਿਜੀ ਡਾਇਰੀ ਵਿੱਚ ਇਸ ਦੌਰੇ ਦੀ ਵਿਸਥਾਰ ਪੂਰਵਕ ਜਾਣਕਾਰੀ ਮਿਲਦੀ ਹੈ।

## ਸ੍ਰੀ ਸਤਿਗੁਰੂ ਜਗਜੀਤ ਸਿੰਘ ਨਾਲ ਜਪਾਨ ਦਾ ਦੌਰਾ

ਅਕਤੂਬਰ ਸੰਨ ੧੯੬੧ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ

ਜਪਾਨ ਵਿਖੇ World Vegetarian Conference, Tokyo ਵਿਖੇ ਦਰਸ਼ਨ ਦਿੱਤੇ। ਸੰਤ ਗੁਰਦੇਵ ਸਿੰਘ ਜੀ ਅਤੇ ਸੰਤ ਗੁਲਜ਼ਾਰ ਸਿੰਘ ਜੀ ਪਹਿਲਾਂ ਹੀ ਫਿਲਪਾਈਨ ਦੇ ਰਸਤੇ, ਹਵਾਈ ਜਹਾਜ਼ ਰਾਹੀਂ ਟੋਕੀਉ ੧੨ ਅਕਤੂਬਰ ਸੰਨ ੧੯੬੧ ਨੂੰ ਰਾਤੀਂ ਕੋਈ ੧੨ ਕੁ ਵਜੇ ਪਹੁੰਚ ਗਏ। ਇਹਨਾਂ ਲਈ ਇਹ ਜਗ੍ਹਾ ਬਿਲਕੁਲ ਨਵੀਂ ਅਤੇ ਅਨਜਾਣੀ ਸੀ। ਵਾਕਫੀਅਤ ਕੋਈ ਨਹੀਂ ਸੀ ਨਾ ਹੀ ਕੋਈ ਜਾਣ-ਪਛਾਣ ਸੀ ਜੋ ਇਹਨਾਂ ਦੀ ਕੋਈ ਮਦਦ ਕਰ ਸਕਦਾ। ਇਹਨਾਂ ਨੇ ੧੦੦ ਅਮਰੀਕੀ ਡਾਲਰ ਦੇ ੩੬,੦੦੦ ਜਪਾਨੀ ਯੇਨ ਲਏ ਅਤੇ ਏਅਰ ਪੋਰਟ ਤੋਂ ਮਾਰੂਨਿਸ਼ੀ ਹੋਟਲ ਵਿਖੇ ਠਹਿਰੇ। ਏਅਰ ਪੋਰਟ ਤੋਂ ਹੋਟਲ ਤਕ ੬੦੦ ਯੇਨ ਕਿਰਾਇਆ ਲੱਗਿਆ ਅਤੇ ਹੋਟਲ ਦਾ ਇੱਕ ਕਮਰੇ ਦਾ ਇੱਕ ਦਿਨ ਦਾ ਕਿਰਾਇਆ ੧੮੦੦ ਯੇਨ ਲਗਿਆ। ਅਗਲੇ ਦਿਨ ਇਹ ਹੋਟਲ ਬਦਲ ਕੇ ਹੋਟਲ ਟਕਾਰਾ ਵਿੱਚ ਚਲੇ ਗਏ। ਅੱਧੀ ਰਾਤ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਉੱਥੇ ਦਰਸ਼ਨ ਦਿੱਤੇ ਅਤੇ ਇਸੇ ਹੋਟਲ ਵਿੱਚ ਡੇਰਾ ਰੱਖਿਆ। ਸਤਿਗੁਰੂ ਜੀ ਦੇ ਨਾਲ ਪੰਡਤ ਗੁਪਾਲ ਸਿੰਘ, ਸੰਤ ਦਰਸ਼ਨ ਸਿੰਘ ਅਤੇ ਸੰਤ ਖਜਾਨ ਸਿੰਘ ਰਾਗੀ, ਸੇਠ ਸੁਦਰਸ਼ਨ ਸਿੰਘ ਸਪੁੱਤਰ ਸੇਠ ਗੁਰਬਖਸ਼ ਸਿੰਘ ਜੀ ਵੀ ਆਏ ਸਨ।

ਇਹਨਾਂ ਦੇ ਨਾਲ ਸੋਧ ਦੇ ਪਾਣੀ ਵਾਲਾ ਡਰੰਮ ਵੀ ਸੀ। ਟਕਾਰਾ ਹੋਟਲ ਵਾਲਿਆਂ ਨੇ ਇੱਕ ਸਟੋਵ ਦੇ ਦਿੱਤਾ। ਬਜ਼ਾਰੋਂ ਸਬਜ਼ੀ ਲਿਆ ਕੇ ਸੋਧ ਦਾ ਲੰਗਰ ਤਿਆਰ ਹੋਇਆ ਤੇ ਸਭ ਨੇ ਛਕਿਆ।

ਅਗਲੇ ਦਿਨ ਯਾਨੀ ੧੪-੧੦-੬੧ ਨੂੰ ਸਾਰਾ ਜਥਾ ਟੋਕੀਉ ਤੋਂ ਹਵਾਈ ਜਹਾਜ਼ ਰਾਹੀਂ ਓਸਾਕਾ ਗਿਆ। ਓਸਾਕਾ ਤੋਂ ਕਾਰ ਰਾਹੀਂ ਕੋਬੇ ਪਹੁੰਚੇ। ਡੇਰਾ ਸ: ਮੰਗਲ ਸਿੰਘ ਦੇ ਘਰ ਲੱਗਿਆ। ਰਾਤ ਨੂੰ ਬਿਜਲੀ ਵਾਲੀ ਗੱਡੀ ਤੇ ਕੋਬੇ ਤੋਂ ਟੋਕੀਓ ਕਾਨਫਰੰਸ ਤੇ ਗਏ ਪਰ ਜਾਂਦਿਆਂ ਨੂੰ ਕਾਨਫਰੰਸ ਖਤਮ ਹੋ ਚੁੱਕੀ ਸੀ। ਰਾਤ ਸਾਰੇ ਵਾਪਸ ਕੋਬੇ ਆ ਕੇ ਰਹੇ। ੫੦-੬੦ ਮੀਲ ਲੰਮਾ ਸ਼ਹਿਰ ਕੋਓਟੋਂ ਤੋਂ ਕੋਬੇ ਤਕ ਇੱਕ ਹੀ ਹੈ।

੧੫-੧੦-੬੧ ਨੂੰ ਆਸਾ ਦੀ ਵਾਰ ਤੋਂ ਬਾਅਦ ਸਾਰਾ ਜਥਾ ਦੋ ਟੈਕਸੀਆਂ ਰਾਹੀਂ ਪਹਾੜੀ ਦੀ ਸੈਰ ਕਰਨ ਗਏ। ਪਹਿਲਾਂ ਕੇਬਲ ਕਾਰ ਤੇ ਗਏ, ਅਤੇ ਉਪਰੋਂ ਸ਼ਹਿਰ ਦਾ ਨਜ਼ਾਰਾ ਦੇਖਿਆ। ਫੇਰ ਰੋਪਕਾਰ ਰਾਹੀਂ ਹੇਠਾਂ ਉਤਰੇ ਅਤੇ ਬੱਸ ਰਾਹੀਂ ਘਰ ਪਹੁੰਚੇ।

੧੬-੧੦-੯੧ ਨੂੰ ਰਾਤੀ ਦਸ ਵਜੇ ਓਸਾਕਾ ਤੋਂ ਟੋਕੀਓ ਗਏ। ਭਗਤ ਸਿੰਘ ਐਂਡ ਬਰਦਰਜ਼ ਅਤੇ ਇੱਕ ਸਿੰਧੀ ਦੀ ਦੁਕਾਨ ਤੇ ਸਤਿਗੁਰੂ ਜੀ ਨੇ ਚਰਨ ਪਾਏ। ਟੋਕੀਓ ਤੋਂ ਓਸਾਕਾ ਚਾਰ ਇੰਜਣ ਵਾਲੇ ਹਵਾਈ ਜਹਾਜ਼ ਘੰਟੇ-ਘੰਟੇ ਬਾਅਦ ਚਲਦੇ ਹਨ, ਫੇਰ ਭੀ ਭੀੜ ਬਹੁਤ ਰਹਿੰਦੀ ਹੈ।

ਇਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸਾਰੇ ਜਥੇ ਨੇ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਦੇ ਨਜ਼ਾਰੇ ਦੇਖੇ ਅਤੇ ਅਨੰਦ ਮਾਣਿਆ।

ਭਾਵੇਂ ਮਾਰਕੀਟਾਂ ਦੀਆਂ ਸੈਰਾਂ ਕੀਤੀਆਂ ਸਨ ਫਿਰ ਵੀ ਕੋਈ ਚੀਜ਼ ਖਰੀਦਣ ਦਾ ਮਨ ਨਹੀਂ ਸੀ। ਐਂਵੇ ਤਜਰਬੇ ਦੇ ਤੌਰ ਤੇ ਗੁਰਦੇਵ ਸਿੰਘ ਹੁਰਾਂ ਇੱਕ ਜੁੱਤੀ ੧੮੦੦ ਯੇਨ ਦੀ ਖਰੀਦੀ ਜੋ ਭਾਰਤ ਦੇ ਸਤਾਰਾਂ, ਰੁਪਏ ਬਣਦੇ ਸਨ। ਇਹ ਖਰੀਦ ਸਿਰਫ ਇਸ ਕਰਕੇ ਕੀਤੀ ਸੀ ਕਿ ਭਾਰਤ ਅਤੇ ਜਪਾਨ ਦੇ ਭਾਵਾਂ ਦਾ ਪਤਾ ਲੱਗ ਸਕੇ। ਪਾਸਪੋਰਟ ਦਿਖਾਉਣ ਦੇ ਨਾਲ ਸਮਾਨ ਆਮ ਲੋਕਾਂ ਦੀ ਬਜਾਏ ਬਾਹਰੋਂ ਆਏ ਸੈਲਾਨੀਆਂ ਨੂੰ ਸਸਤਾ ਦੇਂਦੇ ਹਨ।

੧੭-੧੦-੧੯੯੧ ਨੂੰ ਦੁਪਹਿਰ ਮਗਰੋਂ ਸ੍ਰੀ ਸਤਿਗੁਰੂ ਜੀ ਅਤੇ ਡਾ: ਗੋਪਾਲ ਸਿੰਘ ਜੀ ਐਮ. ਪੀ. ਭਾਰਤ ਨੂੰ ਨਾਲ ਲੈ ਕੇ ਟੋਕੀਓ ਯੂਨੀਵਰਸਿਟੀ ਗਏ ਜਿੱਥੇ ਉਹਨਾਂ ਤੇ ਵਿਦਿਆਰਥੀਆਂ ਨੇ (Universal Religion) ਸਭ ਦੇ ਸਾਂਝੇ ਧਰਮ ਬਾਰੇ ਸਵਾਲ ਕੀਤਾ ਕਿ ਸਭ ਦਾ ਸਾਂਝਾ ਧਰਮ ਕੀ ਹੈ। ਡਾ: ਗੋਪਾਲ ਸਿੰਘ ਜੀ ਅੰਗਰੇਜ਼ੀ ਵਿੱਚ ਭਾਸ਼ਨ ਦੇ ਰਹੇ ਸਨ। ਉਹਨਾਂ ਇਸ ਸਵਾਲ ਦਾ ਜਵਾਬ ਤੇ ਦਿੱਤਾ ਪਰ ਸੁਣਨ ਵਾਲਿਆਂ ਨੂੰ ਤਸੱਲੀ ਨਾ ਹੋਈ। ਇਸ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ ਵਿੱਚੇ ਟੋਕ ਕੇ ਕਿਹਾ ਕਿ ਉਹ ਇਸ ਸਵਾਲ ਦਾ ਉੱਤਰ ਗੁਰਬਾਣੀ ਅਨੁਸਾਰ ਦੇ ਦਿੰਦੇ ਹਨ ਜੋ ਡਾ: ਗੁਪਾਲ ਸਿੰਘ ਅੰਗਰੇਜ਼ੀ ਵਿੱਚ ਉਲੱਥਾ ਕਰਕੇ ਦੱਸ ਦੇਣ। ਸਤਿਗੁਰੂ ਜੀ ਨੇ ਫਰਮਾਇਆ ਕਿ ਗੁਰਬਾਣੀ ਵਿੱਚ ਲਿਖਿਆ ਹੈ-

ਬੋਲੀਏ ਸਚ ਧਰਮ ਝੂਠ ਨਾ ਬੋਲੀਏ

ਕੋਈ ਵੀ ਧਰਮ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਸੱਚ ਨਹੀਂ ਬੋਲਣਾ ਚਾਹੀਦਾ। ਇਸ ਜਵਾਬ ਨਾਲ ਸਭ ਨੂੰ ਸੰਤੁਸ਼ਟੀ ਹੋ ਗਈ।

ਉਪਰੰਤ ਸਤਿਗੁਰੂ ਜੀ ਸਮੂਹ ਜਥੇ ਸਮੇਤ ਹਵਾਈ ਜਹਾਜ਼ ਰਾਹੀਂ ਕੋਬੇ ਗਏ। ਉਥੇ ਜਪਾਨੀਆਂ ਦੇ ਘਰਾਂ ਵਿੱਚ ਖੂਹੀਆਂ ਲੱਗੀਆਂ ਹੋਈਆਂ ਸਨ ਅਤੇ

ਜਲ ਵੀ ਬਹੁਤ ਮਿੱਠਾ ਸੀ। ਏਥੋਂ ਜਲ ਆਪਣੇ ਨਾਲ ਲਿਜਾਣ ਲਈ ਵੀ ਲੈ ਲਿਆ ਅਤੇ ਟੋਕੀਓ ਬਜ਼ਾਰ ਵੀ ਘੁੰਮ ਕੇ ਵੇਖਿਆ।

੧੯ ਅਕਤੂਬਰ ਨੂੰ ਸਾਰਾ ਜਥਾ ਟੋਕੀਓ ਤੋਂ ਹਾਂਗਕਾਂਗ ਪੁੱਜਿਆ। ਏਥੇ ਗੁਰਦਵਾਰੇ ਵਿੱਚ ਖੂਹ ਦਾ ਜਲ ਬਹੁਤ ਮਿੱਠਾ ਸੀ। ਡੇਰਾ ਹੋਟਲ ਵਿੱਚ ਲੱਗਿਆ। ਅਗਲੇ ਦਿਨ ੨੦ ਅਕਤੂਬਰ ਨੂੰ ਆਸਾ ਦੀ ਵਾਰ ਹੋਟਲ ਵਿੱਚ ਹੀ ਲੱਗੀ। ਲੰਗਰ ਸ: ਗੁਰਚਰਨ ਸਿੰਘ ਵਲੋਂ ਹੋਟਲ ਵਿੱਚ ਹੀ ਛਕਿਆ। ਸ਼ਾਮ ਨੂੰ ਸਾਰਿਆਂ ਨੇ ਪਹਾੜੀ ਦੀ ਸੈਰ ਕੀਤੀ। ਅਗਲੇ ਦਿਨ ਵੀ ਹਾਂਗਕਾਂਗ ਦੀ ਸੈਰ ਕੀਤੀ ਅਤੇ ਮੌਜ ਮਾਣੀ।

੨੨ ਅਕਤੂਬਰ ਪੰਡਤ ਗੋਪਾਲ ਸਿੰਘ ਜੀ ਦਾ ਦੀਵਾਨ ਗੁਰਦਵਾਰੇ ਵਿੱਚ ਲੱਗਿਆ। ਸਤਿਗੁਰੂ ਜੀ ਨੇ ਵੀ ਦਰਸ਼ਨ ਦਿੱਤੇ। ੧੪ ਸਰੀਰਾਂ ਨੇ ਭਜਨ ਪੁੱਛਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸ: ਗੁਰਚਰਨ ਸਿੰਘ ਦੇ ਘਰ ਚਰਨ ਪਾਏ ਅਤੇ ਦੁਪਹਿਰ ਬਾਅਦ ਢਾਈ ਵਜੇ ਸਾਰੇ ਹਵਾਈ ਜਹਾਜ਼ ਰਾਹੀਂ ਬੈਂਕੋਕ ਨੂੰ ਚਲ ਪਏ। ਕੁਝ ਦਿਨ ਬੈਂਕੋਕ ਰਹਿਕੇ ੨੮-੧੦-੬੧ ਨੂੰ ਵਾਪਸ ਦਿੱਲੀ ਪਹੁੰਚ ਗਏ।

ਇਸ ਤਰ੍ਹਾਂ ਇਹ ਜਪਾਨ ਦਾ ਦੌਰਾ ਇੱਕ ਬਹੁਤ ਹੀ ਯਾਦਗਾਰੀ ਦੌਰਾ ਹੋਇਆ। ਜਿੱਥੇ ਇੱਕ ਨਵਾਂ ਮੁਲਕ ਅਤੇ ਉਸ ਦੀ ਤਰੱਕੀ ਨੂੰ ਦੇਖਣ ਦਾ ਮੌਕਾ ਮਿਲਿਆ ਉੱਥੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪਰਸਤੀ ਹੇਠ ਬਹੁਤ ਹੀ ਰਮਣੀਕ ਸਮਾਂ ਗੁਜ਼ਾਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ।

## ਅਨੰਦ ਮਰਯਾਦਾ ਸ਼ਤਾਬਦੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਸਮਾਜ ਸੁਧਾਰਕ ਨੀਤੀ ਅਨੁਸਾਰ ੩-੪ ਜੂਨ ੧੮੬੩ ਵਿੱਚ ਸਿੱਖ ਅਨੰਦ ਮਰਯਾਦਾ ਦੀ ਲੀਹ ਤੋਰੀ। ਉਦੋਂ ਤੀਕਰ ਸਿੱਖਾਂ ਦੇ ਵਿਆਹ ਵੀ ਪੰਡਿਤ ਹੀ ਕਰਵਾਉਂਦੇ ਸਨ ਅਤੇ ਉਹਨਾਂ ਦੀਆਂ ਹੀ ਲੋੜਾਂ ਨੂੰ ਪੂਰਾ ਕਰਨ ਵਾਸਤੇ ਬਹੁਤ ਸਾਰੀਆਂ ਸਮਾਜਕ ਰਸਮਾਂ ਕਰਨੀਆਂ ਪੈਂਦੀਆਂ ਸਨ ਜੋ ਆਮ ਇਨਸਾਨ ਵਾਸਤੇ ਫਾਲਤੂ ਅਤੇ ਖਰਚੀਲੀਆਂ ਹੁੰਦੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਸਭ ਤੋਂ ਆਮ ਲੋਕਾਂ ਨੂੰ ਅਤੇ ਖਾਸ ਕਰ ਸਿੱਖਾਂ ਨੂੰ ਛੁਟਕਾਰਾ ਦੇਣ ਵਾਸਤੇ ਇਹ ਨਵੀਂ ਅਨੰਦ ਮਰਿਯਾਦਾ

ਦੀ ਰੀਤ ਤੋਰੀ ਸੀ। ਇਸ ਵਿੱਚ ਹਵਨ ਗੁਰਬਾਣੀ ਦੇ ਪਾਠ ਨਾਲ ਹੁੰਦਾ ਸੀ, ਵੇਦੀ ਗੱਡੀ ਜਾਂਦੀ ਸੀ ਅਤੇ ਲਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਪੜ੍ਹੀਆਂ ਜਾਂਦੀਆਂ ਸਨ।

੩-੪ ਜੂਨ ਸੰਨ ੧੯੬੩ ਵਿੱਚ ਪਿੰਡ ਖੋਟੇ ਜਿਲ੍ਹਾ ਫਿਰੋਜ਼ਪੁਰ ਵਿੱਚ ਇਹੋ ਹੀ ਅਨੰਦ ਮਰਯਾਦਾ ਦੀ ਸ਼ਤਾਬਦੀ ਮਣਾਈ ਗਈ ਸੀ। ਗੁਰਦੇਵ ਸਿੰਘ ਹੁਰਾਂ ਨੇ ਇਸ ਮੇਲੇ ਦੀ ਸੰਪੂਰਨਤਾ ਵਾਸਤੇ ਬਹੁਤ ਮਿਹਨਤ ਕੀਤੀ ਅਤੇ ਆਪਣਾ ਯੋਗਦਾਨ ਪਾਇਆ। ਟੀਚਾ ੧੦੧ ਵਿਆਹ ਕਰਨ ਦਾ ਸੀ ਪਰ ਹੋਏ ੧੪੯ ਵਿਆਹ। ਮੁੰਡੇ ਵਾਲੇ ਕੋਲੋਂ ਅੱਠ ਰੁਪੱਏ ਅਤੇ ਕੁੜੀ ਵਾਲਿਆਂ ਕੋਲੋਂ ੫ ਰੁਪੱਏ ਲਏ ਗਏ ਸਨ। ਇਹ ਪੈਸੇ ਰਾਗੀਆਂ, ਕੜ੍ਹਾਹ ਪ੍ਰਸ਼ਾਦ ਅਤੇ ਹੋਰ ਵਿਆਹ ਦੇ ਖਰਚੇ ਵਾਸਤੇ ਲਏ ਸਨ। ਬਾਹਰਲੀਆਂ ਅੰਬੈਸੀਆਂ ਅਤੇ ਪ੍ਰੈਸ ਵਾਲਿਆਂ ਨੂੰ ਖਾਸ ਤੌਰ ਤੇ ਬੁਲਾਇਆ ਹੋਇਆ ਸੀ। ਉਹਨਾਂ ਨੇ ਬੱਸਾਂ ਤੇ ਚੜ੍ਹਕੇ ਕੈਮਰੇ ਫਿੱਟ ਕੀਤੇ ਹੋਏ ਸਨ। ਸਮੇਂ ਦੇ ਅਨੁਸਾਰ ਫੋਟੂਆਂ ਲਈਆਂ ਗਈਆਂ ਅਤੇ ਮੂਵੀ ਫਿਲਮਾਂ ਵੀ ਬਣਾਈਆਂ।

ਹਰ ਇੱਕ ਲੜਕੇ ਲੜਕੀ ਨੂੰ ਇੱਕੋ ਨੰਬਰ ਦਾ ਬਿੱਲਾ ਦਿੱਤਾ ਜਾਂਦਾ ਸੀ ਜੋ ਬਕਸੂਏ ਨਾਲ ਲੜਕੇ ਲੜਕੀ ਦੇ ਮੋਢੇ ਤੇ ਲਗਾ ਦਿੱਤਾ ਸੀ। ਇਹ ਜਰੂਰੀ ਸੀ ਤਾਂ ਕਿ ਕਿਤੇ ਕੋਈ ਗਲਤੀ ਨਾ ਹੋ ਜਾਵੇ। ਖਾਸ ਪਤਵੰਤੇ ਸੱਜਣ ਅੰਦਰ ਲੜਕੇ ਲੜਕੀ ਨੂੰ ਪੂਰੀ ਤਰ੍ਹਾਂ ਦੇਖ ਭਾਲ ਤੇ ਜੋੜਾ ਨਿਸ਼ਚਿਤ ਕਰਕੇ ਹੀ ਵਿਆਹ ਵਾਲੀ ਜਗ੍ਹਾ ਤੇ ਬਿਠਾਉਂਦੇ ਸਨ। ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੋਈ ਕਿ ਸਭ ਕੁਝ ਨਿਰਵਿਘਨ ਸਮਾਪਤ ਹੋ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਵੀ ਅਤਿਅੰਤ ਪ੍ਰਸੰਨ ਸਨ। ਮੈਂ (ਲੇਖਕ) ਉਦੋਂ ਅੰਬਾਲੇ ਛਾਉਣੀ ਰਹਿੰਦਾ ਹੁੰਦਾ ਸਾਂ ਅਤੇ ਮੇਰਾ ਘਰ ਜੀ. ਟੀ. ਰੋਡ ਤੋਂ ਕੋਈ ਸੌ ਕੁ ਫੁਟ ਤੇ ਸੀ। ਸਤਿਗੁਰੂ ਜਗਜੀਤ ਸਿੰਘ ਜੀ ਮੇਲੇ ਬਾਅਦ ਦਿੱਲੀ ਜਾ ਰਹੇ ਸਨ। ਗੱਡੀ ਸੜਕ ਤੇ ਖੜ੍ਹੀ ਕਰਕੇ ਗੁਰਦੇਵ ਸਿੰਘ ਹੁਰੀ ਮੈਨੂੰ ਘਰੋਂ ਬੁਲਾਕੇ ਲੈ ਕੇ ਗਏ। ਮੈ ਮੱਥਾ ਟੇਕਿਆ ਤਾਂ ਸੱਚੇ ਪਾਤਸ਼ਾਹ ਜੀ ਮੁਸਕਰਾਉਂਦਿਆਂ ਹੋਇਆ ਫਰਮਾਇਆ ਕਿ ਅਨੰਦ ਮਰਯਾਦਾ ਦੀ ਸ਼ਤਾਬਦੀ ਮਨਾ ਆਏ ਹਾਂ। ਸਤਿਗੁਰਾਂ ਦੀ ਕਿਰਪਾ ਸਦਕਾ ਮੇਲਾ ਨਿਰਵਿਘਨ ਸਮਾਪਤ ਹੋ ਗਿਐ।

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ

ਦੁਨੀਆਂ ਵਿੱਚ ਇੱਕ ਮਾਮੂਲੀ ਸਰਕਾਰੀ ਅਫਸਰ ਨਾਲ ਜੇ ਵਾਕਫੀਅਤ ਹੋ ਜਾਵੇ ਤਾਂ ਬੰਦਾ ਆਕੜਿਆ ਫਿਰਦਾ ਹੈ ਅਤੇ ਆਮ ਆਦਮੀ ਦੀ ਪਰਵਾਹ ਨਹੀਂ ਕਰਦਾ। ਪਰ ਜੇਕਰ ਇਹ ਸੰਪਰਕ ਅਕਾਲ ਪੁਰਖ ਸਤਿਗੁਰੂ ਨਾਲ ਹੋ ਜਾਵੇ, ਫੇਰ ਉਸਦੇ ਸਾਰੇ ਕਾਰਜ ਆਪਣੇ ਆਪ ਹੀ ਸਿੱਧ ਹੋ ਜਾਂਦੇ ਹਨ ਅਤੇ ਉਸ ਨੂੰ ਹੋਰ ਕਿਤੇ ਭੱਜਣ ਦੀ ਲੋੜ ਹੀ ਨਹੀ ਰਹਿੰਦੀ। ਗੁਰਦੇਵ ਸਿੰਘ ਜੀ ਨੇ ਤੇ ਆਪਣਾ ਸਾਰਾ ਜੀਵਨ ਹੀ ਸਤਿਗੁਰੂ ਜੀ ਨੂੰ ਸਮਰਪਿਤ ਕੀਤਾ ਹੋਇਆ ਸੀ ਤਾਂ ਫਿਰ ਉਹਨਾਂ ਨੂੰ ਕੋਈ ਵੀ ਦੁਨਿਆਵੀ ਤਕਲੀਫ ਕਿਵੇਂ ਹੋ ਸਕਦੀ ਸੀ।

ਗੁਰਦੇਵ ਸਿੰਘ ਹੁਰਾਂ ਦਾ ਵੱਡਾ ਲੜਕਾ ਦੇਹਰਾਦੂਨ ਮਿਲਟਰੀ ਅਕੈਡਮੀ ਵਿੱਚ ਪੜ੍ਹਦਾ ਸੀ। ਸੰਨ ੧੯੬੨-੬੩ ਦੀ ਗੱਲ ਹੈ ਕਿ ਅਵਤਾਰ ਸਿੰਘ ਨੂੰ ਕੋਈ ਮੁਸ਼ਕਲ ਬਣ ਗਈ ਜਿਸ ਕਾਰਨ ਉਸ ਦਾ ਉਥੇ ਰਹਿਣਾ ਵੀ ਮੁਸ਼ਕਿਲ ਵਿੱਚ ਆ ਸਕਦਾ ਸੀ। ਗੁਰਦੇਵ ਸਿੰਘ ਹੁਰੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਕੁੱਲੂ ਇੱਕ ਗੈਸਟ ਹਾਊਸ ਵਿੱਚ ਰੁਕੇ ਹੋਏ ਸਨ। ਗੁਰਦੇਵ ਸਿੰਘ ਨੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ ਕਿ ਅਵਤਾਰ ਸਿੰਘ ਦੀ ਸਹਾਇਤਾ ਹੋਵੇ। ਸਤਿਗੁਰੂ ਜੀ ਨੇ ਉਹਨਾਂ ਨੂੰ ਚੰਡੀਗੜ੍ਹ ਜਾ ਕੇ ਇੱਕ ਵੱਡੇ ਅਫਸਰ ਨੂੰ ਜਿਸ ਨੂੰ ਉਹ ਵੀ ਜਾਣਦੇ ਸਨ, ਮਿਲਕੇ ਕੰਮ ਕਰਨ ਲਈ ਕਿਹਾ। ਗੁਰਦੇਵ ਸਿੰਘ ਹੁਰਾਂ ਹੱਥ ਬੰਨ੍ਹ ਕੇ ਅਰਜ਼ ਕੀਤੀ ਕਿ ਉਹਨਾਂ ਨੇ ਨਹੀ ਕਿਸੇ ਕੋਲ ਜਾਣਾ, ਉਹ ਆਪ ਹੀ ਕਿਰਪਾ ਕਰਨ ਤੇ ਕੰਮ ਠੀਕ ਹੋਵੇ। ਅਖੀਰ ਸੱਚੇ ਪਾਤਸ਼ਾਹ ਜੀ ਨੇ ਬਖਸ਼ਿਸ਼ ਕੀਤੀ ਅਤੇ ਸਾਰਾ ਕੰਮ ਠੀਕ ਹੋ ਗਿਆ।

ਸੰਨ ੧੯੬੫ ਵਿੱਚ ਅਵਤਾਰ ਸਿੰਘ ਮਿਲਟਰੀ ਵਿੱਚ ਕੈਪਟਨ ਸੀ ਅਤੇ ਕਸ਼ਮੀਰ ਦੇ ਮੋਰਚੇ ਤੇ ਪਾਕਿਸਤਾਨ ਨਾਲ ਲੜਾਈ ਹੋ ਰਹੀ ਸੀ। ਇਹ ਉਹਨਾਂ ਦਾ ਪਹਿਲੀ ਵੇਰ ਲੜਾਈ ਵਿੱਚ ਜਾਣ ਦਾ ਮੌਕਾ ਸੀ। ਥੋੜ੍ਹਾ ਬਹੁਤ ਅੰਦਰ ਡਰ ਭੀ ਸੀ ਕਿ ਪਤਾ ਨਹੀਂ ਕੀ ਬਣੇ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਕਿ ਅਵਤਾਰ ਸਿੰਘ ਤੇ ਕਿਰਪਾ ਹੋਵੇ। ਸਤਿਗੁਰੂ ਜੀ ਨੇ ਭਾਈ ਰਾਏ ਸਿੰਘ ਨੂੰ ਨੰਦੇੜ ਜਾਣ ਵਾਲੀ ਸਾਖੀ ਸੁਣਾਈ ਅਤੇ ਫਰਮਾਇਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਜੀ ਨੂੰ ਕਿਹਾ ਸੀ, ਗੁਰੂ

ਰਖਵਾਲੇ ਤੇਰੇ ਭਾਈ। ਇਸੇ ਹੁਕਮ ਨਾਲ ਸਤਿਗੁਰੂ ਜੀ ਨੇ ਅਵਤਾਰ ਸਿੰਘ ਨੂੰ ਲੜਾਈ ਵਿੱਚ ਤੋਰਿਆ।

ਲੜਾਈ ਪਾਕਿਸਤਾਨ ਦੇ ਏਰੀਏ ਵਿੱਚ ਜੋ ੩੦-੩੫ ਕਿਲੋਮੀਟਰ ਬਾਰਡਰ ਤੋਂ ਪਾਕਿਸਤਾਨ ਵਿੱਚ ਸੀ ਇੱਕ ਪੁਲ ਜਿਸ ਦਾ ਨਾਮ ਜਿਊਰਾ ਬ੍ਰਿਜ ਸੀ ਨੂੰ ਸੁਰੱਖਿਅਤ ਰੱਖਣ ਵਾਸਤੇ ਹੋ ਰਹੀ ਸੀ। ਇਹ ਪੁਲ ਇੱਕ ਨਦੀ ਜਿਸ ਦਾ ਨਾਮ ਕ੍ਰਿਸ਼ਨ ਗੰਗਾ ਹੈ ਤੇ ਬਣਿਆ ਹੋਇਆ ਸੀ ਅਤੇ ਜੰਗ ਦੇ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਵੀ ਸੀ।

ਇੱਕ ਦਿਨ ਜਦੋਂ ਬਹੁਤ ਭਿਅੰਕਰ ਜੰਗ ਹੋ ਰਿਹਾ ਸੀ ਤਾਂ ਪਾਕਿਸਤਾਨ ਵਲੋਂ ਇੱਕ ਗੋਲਾ ਉਸੇ ਜਗ੍ਹਾ ਡਿੱਗਿਆ ਜਿੱਥੇ ਅਵਤਾਰ ਸਿੰਘ ਹੁਰੀਂ ਆਪਣੇ ਕੁਝ ਸਾਥੀਆਂ ਨਾਲ ਬੈਠੇ ਸਨ। ਇਹਨਾਂ ਦੇ ਸੱਜੇ ਖੱਬੇ ਇੱਕ ਅਫਸਰ ਅਤੇ ਦੋ ਅਰਦਲੀ ਉੱਥੇ ਹੀ ਮਾਰੇ ਗਏ ਪਰ ਅਵਤਾਰ ਸਿੰਘ ਸਤਿਗੁਰੂ ਜੀ ਦੀ ਕਿਰਪਾ ਸਦਕਾ ਪੂਰੀ ਤਰ੍ਹਾਂ ਸੁਰੱਖਿਅਤ ਰਿਹਾ।

ਉਸ ਤੋਂ ਬਾਅਦ ਭੀ ਇਹਨਾਂ ਦੀ ਕੰਪਨੀ ਨੂੰ ਅੱਗੇ ਜਾਣ ਦਾ ਹੁਕਮ ਹੋਇਆ, ਪਰ ਉਸ ਰਸਤੇ ਤੇ ਜਗ੍ਹਾ-ਜਗ੍ਹਾ ਸੁਰੰਗਾਂ ਵਿਛੀਆਂ ਹੋਈਆਂ ਸਨ। ਕਿਸੇ ਵੀ ਆਦਮੀ ਦੀ ਹਿੰਮਤ ਉਧਰ ਜਾਣ ਦੀ ਨਹੀਂ ਸੀ ਹੋ ਰਹੀ। ਅਵਤਾਰ ਸਿੰਘ ਹੁਰਾਂ ਆਪ ਹਿੰਮਤ ਕੀਤੀ, ਸਤਿਗੁਰੂ ਜੀ ਦਾ ਆਸਰਾ ਲਿਆ ਤੇ ਅੱਗੇ ਚੱਲ ਪਏ। ਮਗਰ ਦੂਸਰਿਆਂ ਨੂੰ ਵੀ ਚੱਲਣਾ ਪਿਆ। ਜਿੱਥੇ ਪਹੁੰਚਣਾ ਸੀ ਉੱਥੇ ਜਾ ਕੇ ਇਹਨਾਂ ਟਰੈਂਚਾ ਬਣਾਉਣੀਆਂ ਸਨ ਤਾਂਕਿ ਆਪਣੇ ਬਚਾਉ ਦਾ ਬੰਦੋਬਸਤ ਹੋ ਸਕੇ। ਇਹ ਕੰਮ ਹੋ ਹੀ ਰਿਹਾ ਸੀ ਕਿ ਪਾਕਿਸਤਾਨ ਵਲੋਂ ਬੜੀ ਜ਼ੋਰ ਦੀ ਐਮ. ਐਮ. ਜੀ. ਤੋਂ ਗੋਲੀਆਂ ਦੀ ਬੁਛਾੜ ਹੋਣ ਲਗੀ। ਇਉਂ ਭਾਸ ਰਿਹਾ ਸੀ ਕਿ ਹੁਣ ਕਿਸੇ ਦੇ ਬਚਣ ਦੀ ਆਸ ਨਹੀਂ ਹੈ। ਇਹ ਇੱਕ ਦਮ ਕਲਾਬਾਜ਼ੀ ਮਾਰ ਕੇ ਅੱਧੀਆਂ ਪਚੱਧੀਆਂ ਖੁਦੀਆਂ ਹੋਈਆਂ ਟ੍ਰੈਂਚਾਂ ਵਿੱਚ ਵੜ ਗਏ। ਇਸ ਤਰ੍ਹਾਂ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਦਵਾਰਾ ਉਥੋਂ ਵੀ ਇਹਨਾਂ ਦੀ ਰੱਖਿਆ ਹੋਈ।

ਉਪਰੰਤ ਬਾਰਡਰ ਸਕਿਉਰਿਟੀ ਫੋਰਸ ਦਾ ਗਠਨ ਹੋਇਆ ਅਤੇ ਅਵਤਾਰ ਸਿੰਘ ਦੀ ਇਸ ਨਵੀਂ ਬਣੀ ਫੋਰਸ ਵਿੱਚ ਬਦਲੀ ਹੋ ਗਈ ਅਤੇ ਏਥੋਂ ਹੀ ਆਈ. ਜੀ. ਦੇ ਅਹੁਦੇ ਤੋਂ ਸੰਨ ੨੦੦੦ ਵਿੱਚ ਰਿਟਾਇਰ ਹੋਏ।

ਸੰਤ ਗੁਰਦੇਵ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਰਹਿ ਕੇ ਉਹਨਾਂ ਦੇ ਸੈਕਟਰੀ ਅਤੇ ਡਰਾਈਵਰੀ ਦੀ ਸੇਵਾ ਸੰਨ ੧੯੫੯ ਤੋ ੧੯੬੬ ਤਕ ਕੀਤੀ। ਭਾਵੇਂ ਉਹਨਾਂ ਦਾ ਪਿੰਡ ਵੀ ਭੈਣੀ ਸਾਹਿਬ ਦੇ ਬਹੁਤ ਨੇੜੇ ਸੀ, ਗੁਰਦੇਵ ਸਿੰਘ ਹੁਰਾਂ ਦਾ ਸਾਰਾ ਸਮਾਂ ਸਤਿਗੁਰੂ ਜੀ ਦੀ ਸੇਵਾ ਵਿੱਚ ਹੀ ਨਿਕਲਦਾ। ਘਰ ਕਦੇ ਹੀ ਥੋੜੇ ਸਮੇਂ ਲਈ ਜਾਂਦੇ। ਸੰਨ ੧੯੬੬ ਵਿੱਚ ਗੁਰਦੇਵ ਸਿੰਘ ਹੁਰਾਂ ਦੇ ਪਿਤਾ ਜੀ ਅਧਰੰਗ ਦੇ ਰੋਗ ਕਾਰਨ ਸਖਤ ਬਿਮਾਰ ਹੋ ਗਏ। ਗੁਰਦੇਵ ਸਿੰਘ ਹੁਰਾਂ ਨੇ ਆਪਣੇ ਪਿਤਾ ਦੀ ਸੇਵਾ ਵਾਸਤੇ ਸਤਿਗੁਰੂ ਜੀ ਕੋਲੋਂ ਛੁੱਟੀ ਮੰਗੀ। ਸਤਿਗੁਰੂ ਜਗਜੀਤ ਸਿੰਘ ਜੀ ਤੇ ਚਾਹੁੰਦੇ ਸਨ ਗੁਰਦੇਵ ਸਿੰਘ ਉਹਨਾਂ ਦੀ ਸੇਵਾ ਵਿੱਚ ਹੀ ਰਹਿਣ ਅਤੇ ਉਹਨਾਂ ਦੇ ਪਿਤਾ ਜੀ ਦੀ ਦੇਖ-ਭਾਲ ਵਾਸਤੇ ਕਿਸੇ ਸਿੱਖ ਨੂੰ ਉੱਥੇ ਭੇਜ ਦਿੰਦੇ ਹਾਂ। ਗੁਰਦੇਵ ਸਿੰਘ ਹੁਰਾਂ ਸਨਿਮਰ ਬੇਨਤੀ ਕੀਤੀ ਕਿ ਉਸ ਨੂੰ ਛੁੱਟੀ ਦਿੱਤੀ ਜਾਵੇ ਕਿਉਂਕਿ ਇਹ ਕੰਮ ਉਹਨਾਂ ਤੋਂ ਬਿਨਾਂ ਹੋਰ ਕੋਈ ਨਹੀ ਕਰ ਸਕਦਾ। ਆਖਰ ਅਰਜ਼ ਮਨਜ਼ੂਰ ਹੋ ਗਈ। ਭਾਵੇਂ ਸਤਿਗੁਰੂ ਜੀ ਦੀ ਸੇਵਾ ਵਿੱਚੋਂ ਜਾਣ ਦਾ ਪੂਰਾ ਮਨ ਗੁਰਦੇਵ ਸਿੰਘ ਹੁਰਾਂ ਦਾ ਵੀ ਨਹੀ ਸੀ ਪਰ ਮਜ਼ਬੂਰੀ ਕਾਰਨ ਉਹਨਾਂ ਨੂੰ ਆਪਣੇ ਘਰ ਜਾਣਾ ਹੀ ਪਿਆ।

ਹੁਣ ਗੁਰਦੇਵ ਸਿੰਘ ਹੁਰੀ ਆਪਣੇ ਪੁੱਤਰ ਧਰਮ ਦੇ ਪਾਲਣ ਵਿੱਚ ਰੁੱਝ ਗਏ। ਢਾਈ ਸਾਲ ਆਪਣੇ ਪਿਤਾ ਜੀ ਦੀ ਪੂਰਨ ਸੇਵਾ ਕੀਤੀ ਜੋ ਅੰਤ ਪਹਿਲੀ ਅਪਰੈਲ ਸੰਨ ੧੯੬੮ ਨੂੰ ਚੜ੍ਹਾਈ ਕਰ ਗਏ। ਉਸ ਤੋਂ ਬਾਅਦ ਉਹਨਾ ਦਾ ਸਮਾ ਉਸੇ ਤਰ੍ਹਾਂ ਕਦੇ ਪਿੰਡ ਅਤੇ ਕਦੇ ਸ੍ਰੀ ਭੈਣੀ ਸਾਹਿਬ ਲੰਘਦਾ। ਆਖੀਰ ਸੰਨ ੧੯੭੭, ਵਿੱਚ ੨੨ ਨਵੰਬਰ ਨੂੰ ਉਹ ਕੈਨੇਡਾ ਆ ਗਏ। ਉੱਥੇ ਉਹ ਆਪਣੀ ਪਤਨੀ ਨਾਲ ਵੈਨਕੂਵਰ ਰਹਿੰਦੇ ਰਹੇ ਅਤੇ ਫੇਰ ਜਨਵਰੀ ੨੦੦੫ ਵਿੱਚ ਉਹ ਆਪਣੀ ਲੜਕੀ ਗੁਰਤੇਜ ਕੌਰ ਕੋਲ ਟਰਾਂਟੋ ਆ ਗਏ। ਏਥੇ ੨੮ ਅਪਰੈਲ ਸੰਨ ੨੦੦੫ ਨੂੰ ਉਹਨਾਂ ਦੀ ਪਤਨੀ ਦਾ ਅਕਾਲ ਚਲਾਣਾ ਹੋ ਗਿਆ। ਹੁਣ ਉਹ ਆਪਣੀ ਸਪੁਤਰੀ ਦੇ ਕੋਲ ਹੀ ਰਹਿੰਦੇ ਹਨ। ਸੰਤ ਰਣਜੀਤ ਸਿੰਘ ਜੀ ਬਾਜਵਾ ਅਤੇ ਉਹਨਾਂ ਦੀ ਪਤਨੀ ਗੁਰਤੇਜ ਕੌਰ ਸੰਤ ਗੁਰਦੇਵ ਸਿੰਘ ਹੁਰਾਂ ਦਾ ਹਰ ਪ੍ਰਕਾਰ ਧਿਆਨ ਕਰਦੇ ਹਨ ਅਤੇ ਸੇਵਾ ਕਰਦੇ ਹਨ। ਸੰਤ ਗੁਰਦੇਵ ਸਿੰਘ ਹੁਰਾਂ ਦੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਤਿ ਧੰਨਵਾਦੀ ਹਨ ਕਿ ਉਹਨਾਂ ਦੀ ਅਪਾਰ ਬਖਸ਼ਿਸ਼ ਸਦਕਾ ਉਹਨਾਂ ਦਾ ਇਹ ਸਮਾਂ ਭਲੀ ਪ੍ਰਕਾਰ ਲੰਘ ਰਿਹਾ ਹੈ।

# ਗ੍ਰਿਹਸਤ ਜੀਵਨ

ਸੰਤ ਗੁਰਦੇਵ ਸਿੰਘ ਜੀ ਦਾ ਅਨੰਦ ਪਹਿਲਾਂ ੧੯੩੩ ਵਿੱਚ ਗਿਦੜੀ ਬਿਲਾਸ ਪੁਰ ਹੋਇਆ ਸੀ। ਗੁਰਦੇਵ ਸਿੰਘ ਜੀ ਦਾ ਝੁਕਾਉ ਸ੍ਰੀ ਭੈਣੀ ਸਾਹਿਬ ਹੋਣ ਕਰਕੇ ਉਹ ਆਪਣਾ ਬਹੁਤਾ ਸਮਾਂ ਏਥੇ ਹੀ ਗੁਜ਼ਾਰਦੇ ਸਨ। ਗੁਰਦੇਵ ਸਿੰਘ ਦੀ ਪਤਨੀ ਬਿਮਾਰੀ ਕਾਰਨ ਸੰਨ ੧੯੩੫ ਵਿੱਚ ਚੜ੍ਹਾਈ ਕਰ ਗਈ।

ਇਹਨਾਂ ਦਾ ਦੂਸਰਾ ਵਿਆਹ ਸੰਨ ੧੯੩੯ ਵਿੱਚ ਵਿਸਾਖੀ ਵਾਲੇ ਦਿਨ ਹੋਇਆ। ਇਹਨਾਂ ਦੀ ਸੁਪਤਨੀ ਗੁਰਦਿਆਲ ਕੌਰ ਜਿਸ ਦਾ ਜਨਮ ੨੫ ਜੁਲਾਈ ੧੯੩੫ ਨੂੰ ਹੋਇਆ ਸੀ, ਮਾਤਾ ਭੁਪਿੰਦਰ ਕੌਰ ਜੀ ਦੀ ਭਤੀਜੀ ਸੀ। ਇਸ ਤਰ੍ਹਾਂ ਇਹਨਾਂ ਦਾ ਸੰਬੰਧ ਗੁਰੂ ਘਰ ਨਾਲ ਵੀ ਹੋ ਗਿਆ ਅਤੇ ਗੁਰੂ ਘਰ ਨਾਲ ਨੇੜਤਾ ਵੀ ਵਧ ਗਈ।

## ਸ੍ਰ: ਅਵਤਾਰ ਸਿੰਘ ਮਾਂਗਟ

ਸੰਤ ਗੁਰਦੇਵ ਸਿੰਘ ਜੀ ਦਾ ਪਹਿਲਾ ਬੇਟਾ ੨੫ ਜੁਲਾਈ ਸੰਨ ੧੯੪੦ ਨੂੰ ਹੋਇਆ। ਇਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ। ਉਪਰੰਤ ਇੰਡੀਅਨ ਮਿਲੀਟਰੀ ਅਕੈਡਮੀ, ਦੇਹਰਾਦੂਨ ਵਿੱਚ ਕਮਿਸ਼ਨ ਲੈ ਲਿਆ। ਏਥੇ ਟਰੇਨਿੰਗ ਪੂਰੀ ਕਰਕੇ ੩੦ ਜੂਨ ੧੯੬੩ ਨੂੰ ਸੈਕਿੰਡ ਲੈਫਟੀਨੈਂਟ ਭਰਤੀ ਹੋ ਗਏ। ਕੁਝ ਸਾਲ ਫੌਜ ਵਿੱਚ ਸੇਵਾ ਕਰਕੇ ਛੇ ਸਤੰਬਰ ਸੰਨ ੧੯੬੭ ਨੂੰ ਬੀ. ਐਸ. ਐਫ. ਵਿੱਚ ਅਸਿਸਟੈਂਟ ਕਮਾਂਡੈਂਟ ਦੇ ਰੂਪ ਵਿੱਚ ਕੰਮ ਕਰਨ ਲਗ ਪਏ। ਅਖੀਰ ਇਥੋਂ ਹੀ ਉਹ ਸੰਨ 2000 ਵਿੱਚ ਇਨਸਪੈਕਟਰ ਜਨਰਲ ਦੇ ਅਹੁਦੇ ਤੋਂ ਰਿਟਾਇਰ ਹੋਏ। ਆਪਣੀ ਨੌਕਰੀ ਵਿੱਚ ਇਹਨਾਂ ਅਨੇਕਾਂ ਹੀ ਬਹਾਦਰੀ ਦੇ ਕਾਰਨਾਮੇ ਵਿਖਾਏ ਅਤੇ ਬਹੁਤ ਸਾਰੇ ਸਨਮਾਨ ਪ੍ਰਾਪਤ ਕੀਤੇ।

ਇਹਨਾਂ ਦਾ ਵਿਆਹ ੨੩ ਸਤੰਬਰ ਸੰਨ ੧੯੬੮ ਨੂੰ ਸ: ਮਾਧੋ ਸਿੰਘ ਭਮਰਾ ਦੀ ਲੜਕੀ ਬੀਬੀ ਮੁਹਿੰਦਰ ਕੌਰ ਨਾਲ ਹੋਇਆ। ਇਹਨਾਂ ਦੀ ਸੁਪਤਨੀ ਨੈਰੋਬੀ ਦੀ ਜਮਪਲ ਸੀ। ਅਵਤਾਰ ਸਿੰਘ ਹੁਰਾਂ ਦਾ ਵੱਡਾ ਲੜਕਾ ਅਮਰਦੀਪ ਸਿੰਘ ਕੈਨੇਡਾ ਵੈਨਕੂਵਰ ਵਿੱਚ ਰਹਿੰਦਾ ਹੈ। ਇਹਨਾਂ ਦੀ ਲੜਕੀ ਜਗਦੀਪ ਕੌਰ ਅਸਟਰੇਲੀਆ ਵਿੱਚ ਰਹਿੰਦੀ ਹੈ ਅਤੇ ਸਭ ਤੋਂ ਛੋਟਾ ਲੜਕਾ ਜਸਦੀਪ ਸਿੰਘ ਐਮ. ਬੀ. ਏ. ਦੀ ਪੜ੍ਹਾਈ ਕਰ ਰਿਹਾ ਹੈ।

## ਗੁਰਤੇਜ ਕੌਰ

ਇਹਨਾਂ ਦਾ ਜਨਮ ੨੦ ਮਾਰਚ ਸੰਨ ੧੯੪੩ ਨੂੰ ਹੋਇਆ। ਇਹਨਾਂ ਦਸਵੀਂ ਤਕ ਦੀ ਪੜ੍ਹਾਈ ਕੀਤੀ ਸੀ। ਉਪਰੰਤ ਸੰਤ ਰਣਜੀਤ ਸਿੰਘ ਜੀ ਬਾਜਵਾ ਨਾਲ ੧੦ ਸਤੰਬਰ ਸੰਨ ੧੯੬੪ ਨੂੰ ਵਿਆਹ ਹੋ ਗਿਆ। ਰਣਜੀਤ ਸਿੰਘ ਹੁਰਾਂ ਨੇ ਇਲੈਕਟਰੀਕਲ ਇੰਜੀਨੀਅਰਿੰਗ ਕਰਨ ਉਪਰੰਤ ਕੁਝ ਸਮਾਂ ਪੰਜਾਬ ਵਿੱਚ ਅਤੇ ਫੇਰ ਕੈਨੇਡਾ ਜਾ ਕੇ ਵੇਨਕੂਵਰ ਵਿੱਚ ਨੌਕਰੀ ਕੀਤੀ। ਅੱਜ ਕੱਲ੍ਹ ਉਹ ਟਰਾਂਟੋ ਰਹਿੰਦੇ ਹਨ ਅਤੇ ਉਥੇ ਹੀ ਆਪਣਾ ਕਾਰ ਵਿਹਾਰ ਕਰਦੇ ਹਨ।

ਇਹਨਾਂ ਦੇ ਵਿਆਹ ਸਮੇਂ ਗੁਰਦੇਵ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿੱਚ ਉਹਨਾਂ ਦੇ ਡਰਾਈਵਰ ਅਤੇ ਸੈਕਟਰੀ ਵਜੋਂ ਸੇਵਾ ਕਰਦੇ ਸਨ। ਮੈਨੂੰ ਵੀ ਇਹਨਾਂ ਦਿਨਾਂ ਵਿੱਚ ਕੁਝ ਸਮਾਂ ਸ੍ਰੀ ਭੈਣੀ ਸਾਹਿਬ ਹੀ ਬਿਤਾਉਣ ਦਾ ਮਿਲਿਆ। ਮੈ ਵੀ ਸਤਿਗੁਰੂ ਜੀ ਦੀ ਸੇਵਾ ਵਿੱਚ ਹੀ ਰਹਿੰਦਾ ਸਾਂ ਅਤੇ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵੱਡੀਆਂ ਟੇਪਾਂ ਤੋਂ ਛੋਟੀਆਂ ਤੇ ਰਿਕਾਰਡ ਕਰਨ ਦੀ ਡਿਊਟੀ ਮਿਲੀ ਹੋਈ ਸੀ। ਇਹ ਕੰਮ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਸਿਖਾਇਆ ਸੀ। ਮੈਂ ਹਰ ਰੋਜ਼ ਹੀ ਕੋਈ ਨਵਾਂ ਉਪਦੇਸ਼ ਰਿਕਾਰਡ ਕਰਕੇ ਸ਼ਾਮ ਦੇ ਨਿਤਨੇਮ ਵਿੱਚ ਸੁਣਾਉਂਦਾ ਸੀ। ਸਤਿਗੁਰੂ ਜੀ ਆਪ ਵੀ ਕਾਫੀ ਸਮਾਂ ਇਸ ਕੰਮ ਲਈ ਦਿੰਦੇ ਸਨ।

ਗੁਰਦੇਵ ਸਿੰਘ ਹੁਰਾਂ ਦੀ ਲੜਕੀ ਦਾ ਰਿਸ਼ਤਾ ਸਤਿਗੁਰੁ ਜਗਜੀਤ ਸਿੰਘ ਜੀ ਨੇ ਕੀਤਾ ਸੀ ਪਰ ਗੁਰਦੇਵ ਸਿੰਘ ਹੁਰਾਂ ਨੂੰ ਲੜਕੇ ਬਾਰੇ ਕੁਝ ਨਹੀ ਸੀ ਦੱਸਿਆ। ਇਹਨਾਂ ਨੂੰ ਬੜਾ ਫਿਕਰ ਅਤੇ ਘਬਰਾਹਟ ਵੀ ਹੋਵੇ ਕਿ ਪਤਾ ਨਹੀਂ ਲੜਕਾ ਕਿਹੋ ਜਿਹਾ ਹੈ, ਪਰ ਸਤਿਗੁਰੂ ਜੀ ਬਹੁਤ ਅਨੰਦ ਪ੍ਰਸੰਨ ਮੁੰਦਰਾ

ਵਿੱਚ ਸਨ। ਮੈਨੂੰ ਕਹਿਣ ਲਗੇ ਕਿ ਮੈਂ ਮੁੰਡੇ ਦਾ ਪਤਾ ਲਾਵਾਂ ਤੇ ਬੈਠਣ ਤੇ ਹੀ ਦੱਸਣਾ ਹੈ। ਇਹ ਕੰਮ ਜੇ ਮੈਂ ਆਪਣੇ ਬਹੁਤ ਨਿਕਟ ਵਰਤੀਆਂ ਨਾਲ ਨਾ ਕਰਾਂ ਤਾਂ ਉਹਨਾਂ ਦੀ ਪ੍ਰੀਖਿਆ ਕਿਵੇਂ ਹੋਵੇ। ਮੈਂ ਹੱਥ ਜੋੜ ਬੇਨਤੀ ਕੀਤੀ ਜੀ ਆਪ ਜੀ ਦੀਆਂ ਆਪ ਹੀ ਜਾਣੋ, ਸੇਵਕਾਂ ਤੇ ਬਖਸ਼ਿਸ਼ ਹੀ ਕਰੋ ਤਾਂ ਰਜ਼ਾ ਮੰਨੀ ਜਾਂਦੀ ਹੈ। ਜਦੋਂ ਫੇਰਿਆਂ ਤੇ ਬੈਠੇ ਮੁੰਡੇ ਨੂੰ ਦੇਖਿਆ ਤਾਂ ਗੁਰਦੇਵ ਸਿੰਘ ਹੁਰਾਂ ਦੇ ਮਨ ਨੂੰ ਬਹੁਤ ਸ਼ਾਂਤੀ ਆਈ ਅਤੇ ਸਤਿਗੁਰੂ ਜੀ ਦਾ ਕੋਟਾਨ-ਕੋਟ ਧੰਨਵਾਦ ਕੀਤਾ।

ਹੁਣ ਵਡੇਰੀ ਉਮਰ ਵਿੱਚ ਜਦੋਂ ਪਤਨੀ ਵੀ ਵਿਛੋੜਾ ਦੇ ਗਈ ਹੈ ਤਾਂ ਸੰਤ ਰਣਜੀਤ ਸਿੰਘ ਅਤੇ ਉਹਨਾਂ ਦੀ ਸੁਪਤਨੀ ਗੁਰਤੇਜ ਕੌਰ ਹੀ ਸੰਤ ਗੁਰਦੇਵ ਸਿੰਘ ਜੀ ਦੀ ਹਰ ਪ੍ਰਕਾਰ ਨਾਲ ਦੇਖ-ਭਾਲ ਕਰ ਰਹੇ ਹਨ ਅਤੇ ਉਹਨਾਂ ਦੀ ਹਰ ਲੋੜ ਪੂਰੀ ਕਰਦੇ ਹਨ। ਦੋਨੋ ਪਤੀ ਪਤਨੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੂਰਨ ਸ਼ਰਧਾਲੂ ਅਤੇ ਸੱਚੇ ਸੇਵਕ ਹਨ। ਨਾਮਧਾਰੀ ਪੰਥ ਨਾਲ ਇਹਨਾਂ ਦਾ ਅਟੁੱਟ ਸਨੇਹ ਹੈ। ਇਹਨਾਂ ਦੀ ਇੱਕ ਲੜਕੀ ਅਤੇ ਦੋ ਲੜਕੇ ਹਨ। ਲੜਕੇ ਦੋਨੋਂ ਕੈਨੇਡਾ ਹੀ ਰਹਿੰਦੇ ਹਨ।

ਬੀਬੀ ਗੁਰਤੇਜ ਕੌਰ ਦੇ ਜੇਠ ਦੀ ਪੋਤਰੀ ਬੀਬੀ ਪ੍ਰੀਤ ਕਾਕਾ ਜੈ ਸਿੰਘ (ਸਪੁਤਰ ਸੰਤ ਜਗਤਾਰ ਸਿੰਘ ਤੇ ਬੀਬਾ ਜੀ) ਨਾਲ ਵਿਆਹੀ ਹੋਈ ਹੈ।

## ਹਰਵਿੰਦਰ ਸਿੰਘ ਮਾਂਗਟ

ਇਹਨਾਂ ਦਾ ਜਨਮ ੨੩ ਸਤੰਬਰ ਸੰਨ ੧੯੪੫ ਨੂੰ ਹੋਇਆ। ਇਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਇੰਟਰਮੀਡਿਏਟ ਦਾ ਇਮਤਿਹਾਨ ਪਾਸ ਕੀਤਾ। ਉਪਰੰਤ ਹਵਾਈ ਜਹਾਜ਼ ਉਡਾਉਣ ਦੀ ਪਾਈਲੱਟ ਦੀ ਟਰੇਨਿੰਗ ਲਈ। ਕੈਨੇਡਾ ਜਾ ਕੇ ਕੁਝ ਸਮਾਂ ਉਹਨਾਂ ਆਟੋਮੋਬਾਈਲ ਦਾ ਬਿਜ਼ਨਿਸ ਕੀਤਾ ਅਤੇ ਹੁਣ ਕੋਈ ਪੰਜ ਛੇ ਸਾਲਾਂ ਤੋਂ ਅਮਰੀਕਾ ਚਲੇ ਗਏ ਹਨ ਅਤੇ ਉੱਥੇ ਹੀ ਆਪਣਾ ਕਾਰ-ਵਿਹਾਰ ਕਰਦੇ ਹਨ।

## ਸੁਖਜੀਤ ਸਿੰਘ ਮਾਂਗਟ

ਇਹਨਾਂ ਦਾ ਜਨਮ ੨੬ ਨਵੰਬਰ ਸੰਨ ੧੯੪੯ ਨੂੰ ਹੋਇਆ। ਇਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਇੰਟਰਮੀਡਿਏਟ ਤਕ ਦੀ ਪੜ੍ਹਾਈ ਕੀਤੀ। ਉਪਰੰਤ

ਕੈਨੇਡਾ ਚਲੇ ਗਏ। ਉੱਥੇ ਇਹ ਆਪਣਾ ਹੀ ਕੰਮ ਕਰਦੇ ਹਨ।

## ਪਰਮਿੰਦਰ ਕੌਰ

ਇਹਨਾਂ ਦਾ ਜਨਮ ੨੭ ਅਪਰੈਲ ਸੰਨ ੧੯੫੨ ਨੂੰ ਹੋਇਆ। ਇਹਨਾਂ ਦਾ ਵਿਆਹ ਸ: ਗੁਰਭਜਨ ਸਿੰਘ ਬਾਜਵਾ ਨਾਲ ੨੪ ਜਨਵਰੀ ਸੰਨ ੧੯੭੭ ਨੂੰ ਹੋਇਆ। ਪਰਮਿੰਦਰ ਕੌਰ ਨੇ ਪੰਜਾਬ ਯੂਨੀਵਰਸਿਟੀ ਤੋਂ ਐਮ. ਏ. ਅੰਗਰੇਜ਼ੀ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਸੀ। ਕੁਝ ਦੇਰ ਸਕੂਲ ਵਿੱਚ ਅਧਿਆਪਕਾ ਦੇ ਤੌਰ ਤੇ ਕੰਮ ਵੀ ਕੀਤਾ ਪਰ ਵਿਆਹ ਉਪਰੰਤ ਬੱਚੇ ਹੋਣ ਤੇ ਨੌਕਰੀ ਛੱਡ ਦਿੱਤੀ। ਇਹਨਾਂ ਦੇ ਪਤੀ ਗੁਰਭਜਨ ਸਿੰਘ ਹੁਰਾਂ ਨੇ ਵੀ ਪੰਜਾਬ ਯੂਨੀਵਰਸਿਟੀ ਤੋਂ ਐਮ. ਐਸ. ਸੀ. ਅਤੇ ਬੀ. ਐਡ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਸੀ। ਇਹ ਆਮ ਤੌਰ ਤੇ ਆਪਣੇ ਫਾਰਮ ਤੇ ਹੀ ਰਹਿੰਦੇ ਸਨ ਪਰ ਕੁਝ ਸਾਲ ਕਾਲਿਜ ਵਿੱਚ ਲੈਕਚਰਰ ਦਾ ਕੰਮ ਵੀ ਕੀਤਾ। ਦੋਨੋ ਪਤੀ ਪਤਨੀ ਇੱਕ ਕਾਰ ਹਾਦਸੇ ਵਿੱਚ ਕਰਨਾਲ ਦੇ ਨੇੜੇ ਸੰਨ ੧੯੯੨ ਵਿੱਚ ਚੜ੍ਹਾਈ ਕਰ ਗਏ। ਇਹਨਾਂ ਦੇ ਬੱਚੇ ਹੁਣ ਕੈਨੇਡਾ ਟਰਾਂਟੋ ਵਿੱਚ ਹੀ ਰਹਿੰਦੇ ਹਨ।

# ਕੁਰਸੀ ਨਾਮਾ ਮਾਂਗਟ ਪਰਵਾਰ

- ਸਾਹਿਬ ਸਿੰਘ ਮਾਂਗਟ, ਪਤਨੀ - ਰਾਮ ਕੌਰ
  - ਕੇਹਰ ਸਿੰਘ ੧੮੮੦-੧੯੬੮, ਪਤਨੀ-ਹਰ ਕੌਰ
    - ਗੁਰਦੇਵ ਸਿੰਘ ਮਾਂਗਟ ੧੯੧੫, ਪਤਨੀ ਗੁਰਦਿਆਲ ਕੌਰ ਚਹਿਲ ੧੯੨੪-੨੦੦੫
      - ਅਵਤਾਰ ਸਿੰਘ ਮਾਂਗਟ, ਮੁਹਿੰਦਰ ਕੌਰ ਸਮਰਾ
        - ਦੇਖੋ ਪੰਨਾਂ-74
      - ਗੁਰਤੇਜ ਕੌਰ, ਰਣਜੀਤ ਸਿੰਘ ਬਾਜਵਾ
        - ਦੇਖੋ ਪੰਨਾਂ-74
      - ਹਰਵਿੰਦਰ ਸਿੰਘ ਮਾਂਗਟ, ਏਲਿਜ਼ਾਬੇਥ ਮੈਕਡੋਗਲ
        - ਐਰਨ ਸੀਨ
        - ਕਰਿਸਟੋਫਰ ਰੌਬਰਟ
      - ਸੁਖਜੀਤ ਸਿੰਘ ਮਾਂਗਟ, ੧. ਪਤਨੀ ਮਨਜੀਤ ਸਿੰਘ ਸਮਰਾ, ੨. ਵਿਰਿੰਦਰ ਪਾਲ ਕੌਰ ਸਿਧੂ
        - ਰਮਣੀਕ ਸਿੰਘ
        - ਰਣਦੀਪ ਸਿੰਘ
      - ਪਰਮਿੰਦਰ ਕੌਰ, ਗੁਰਭਜਨ ਸਿੰਘ ਬਾਜਵਾ
        - ਹਰਪਰੀਤ ਸਿੰਘ, ਹਰਜੋਤ ਕੌਰ
        - ਗੁਰਪ੍ਰੀਤ ਸਿੰਘ, ਪਵਨਦੀਪ ਕੌਰ ਬਾਜਵਾ
    - ਗੁਰਦੇਵ ਕੌਰ ੧੯੧੩, ਪਤੀ ਸਰਵਣ ਸਿੰਘ ਗਰੇਵਾਲ
  - ਬਿਸ਼ਨ ਕੌਰ, ਪਤੀ ਗੁਰਬਚਨ ਸਿੰਘ ਗਰੇਵਾਲ

# ਕੁਰਸੀ ਨਾਮਾ ਮਾਂਗਟ ਪਰਵਾਰ

- ਅਵਤਾਰ ਸਿੰਘ ਮਾਂਗਟ
  ਮੁਹਿੰਦਰ ਕੌਰ ਸਮਰਾ
  - ਅਮਰਦੀਪ ਸਿੰਘ
    ਜਗਦੀਸ਼ ਕੌਰ
    - ਪਰਦੀਪ ਸਿੰਘ ਮਾਂਗਟ
  - ਜਗਦੀਪ ਕੌਰ
    ਅਭਿਜੀਤ ਸਿੰਘ
    - ਮਹਿਕ ਸਿੰਘ (ਲੜਕੀ)
    - ਰੋਹਨ ਸਿੰਘ (ਲੜਕਾ)
  - ਜਸਦੀਪ ਸਿੰਘ

- ਗੁਰਤੇਜ ਕੌਰ
  ਰਣਜੀਤ ਸਿੰਘ ਬਾਜਵਾ
  - ਮਨਦੀਪ ਕੌਰ
    ਭੂਪਿੰਦਰ ਸਿੰਘ
    - ਵਲਕਿਰਨ ਕੌਰ
    - ਹਰਸਿਮਰ ਕੌਰ
    - ਸੁਖਕਰਨ ਸਿੰਘ
  - ਗੁਰਜੀਤ ਸਿੰਘ
    ਅਮਨ ਦੀਪ ਕੌਰ
    - ਗੁਰਨਾਮ ਕੌਰ ਬਾਜਵਾ
    - ਅਮਿਤਾ ਕੌਰ ਬਾਜਵਾ
    - ਅਰਜਨ ਸਿੰਘ ਬਾਜਵਾ
  - ਗੁਰਸੇਵ ਸਿੰਘ
    ਗੁਰਸਿਮਰਨ ਕੌਰ

# ਇੱਕ ਭਾਗਾਂ ਭਰਿਆ ਮਨੁੱਖ

*(ਸਤਿਜੁਗ ਦੇ ਅੰਕ ਵਿੱਚੋਂ ਧੰਨਵਾਦ ਸਹਿਤ )*

ਅੱਜ ਕੱਲ ਨਾਮਧਾਰੀ ਪੰਥ ਵਿੱਚ ਇੱਕ ਬੜੀ ਜ਼ਰੂਰੀ ਤੇ ਜ਼ਿੰਮੇਵਾਰ ਵਿਅਕਤੀ ਹੈ, ਜਿਸ ਬਾਬਤ ਵੇਰਵੇ ਸਹਿਤ ਬਹੁਤ ਘੱਟ ਲੋਕ ਜਾਣਦੇ ਹੋਣਗੇ।

ਸੁਖਾਵਾਂ ਕੱਦ, ਵਜ਼ਨੀ ਸਰੀਰ, ਉੱਦਮੀ ਆਦਤਾਂ, ਆਦਰ ਭਰੀਆਂ ਅੱਖਾਂ, ਖੁਲ੍ਹਾ ਚੌੜਾ ਤੇ ਮੁਸਕਾਨਾਂ ਖਿਲਾਰਦਾ ਮੁਖ ਮੰਡਲ, ਸਦਾ ਰੁੱਝੇ ਹੱਥ, ਇਹ ਸਾਦਾ ਜਿਹੀ ਤਸਵੀਰ ਹੈ ਉਸ ਵਿਅਕਤੀ ਦੀ। ਇਸ ਸੱਜਣ ਨੂੰ ਉਹ ਸਾਰੇ ਲੋਕ ਜਾਣਦੇ ਹੋਣਗੇ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ ਹਨ। ਸ੍ਰੀ ਸਤਿਗੁਰੂ ਜੀ ਨਾਲ ਇਸ ਵਿਅਕਤੀ ਦਾ ਰਹਿਣਾ ਬਹੁਤ ਜ਼ਰੂਰੀ ਹੈ। ਇਸਦੇ ਕਹਿਣ ਲਿਖਣ ਨੂੰ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੀ ਸਮਝਿਆ ਜਾਂਦਾ ਹੈ। ਇਹ ਕੋਈ ਲੈਕਚਰਾਰ ਨਹੀਂ, ਪ੍ਰਚਾਰਕ ਨਹੀਂ, ਜਥੇਦਾਰ ਨਹੀਂ, ਸਰਮਾਏ ਦਾਰ ਨਹੀਂ, ਪ੍ਰਬੰਧਕ ਨਹੀਂ, ਇਹ ਕੇਵਲ ਡਰਾਈਵਰ ਹੈ। ਪਰ ਡਰਾਈਵਰ ਸ਼ਹਿਨਸ਼ਾਹਾਂ ਦੇ ਸ਼ਾਹ ਦੀ ਕਾਰ ਦਾ ਹੈ। ਇਸਨੂੰ ਮਾਣ ਨਸੀਬ ਹੋਇਆ ਹੈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਾਰ ਡਰਾਈਵ ਕਰਨ ਦਾ, ਸੁਭਾਗ ਮਿਲਿਆ ਹੈ ਸ੍ਰੀ ਮਹਾਰਾਜ ਬੀਰ ਸਿੰਘ ਜੀ ਨਾਲ ਮਿਲਕੇ ਹਵਾਈ ਉਡਾਰੀ ਦੀ ਟ੍ਰੇਨਿੰਗ ਲੈਣ ਦਾ, ਇਸਨੂੰ ਵਡਿਆਈ ਨਸੀਬ ਹੋਈ ਹੈ ਵਕਤ ਦੇ ਸੁਆਮੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਾਰ ਚਲਾਉਣ ਦੀ। ਪਰ ਸਦਕੇ ਜਾਈਏ ਸਤਿਗੁਰਾਂ ਦੇ, ਜਿਹੜੇ ਆਪਣੇ ਪਿਆਰੇ ਦੇ ਵਤੀਰੇ ਨਾਲ, ਨਾਲ ਰਹਿੰਦੇ ਬੰਦਿਆਂ ਨੂੰ ਬਹੁ ਸਿਫਤਾ ਬਣਾਕੇ ਉਨ੍ਹਾਂ ਕੋਲੋਂ ਕਈ ਕਈ ਸੇਵਾਵਾਂ ਲੈ ਲੈਂਦੇ ਹਨ।

ਇਹ ਸੱਜਣ ਜੀ ਚਤਰ ਡਰਾਈਵਰ ਵੀ ਹਨ, ਮੋਟਰ ਮਕੈਨਿਕ ਵੀ ਹਨ, ਸੁਚੱਜੇ ਕਲੀਨਰ ਵੀ ਹਨ ਅਤੇ ਮਨ ਨੂੰ ਨੀਵਾਂ ਰੱਖਣ ਵਾਲੀ ਇਸ ਸੇਵਾ ਦੇ ਨਾਲ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਸਕੱਤਰ ਵੀ ਹਨ। ਹਾਂ, ਇਹੋ ਹੀ ਹਨ ਸੰਤ ਗੁਰਦੇਵ ਸਿੰਘ ਜੀ।

ਗੁਰਦੇਵ ਸਿੰਘ ਜੀ ਦੀ ਨਿਜੀ-ਸਕੱਤਰਤਾ ਵੀ ਜਾਣਨ ਯੋਗ ਹੈ। ਇੱਕ ਅਟੈਚੀ ਕੇਸ ਵਿਚ ਇਹ ਆਪਣੀ ਡਾਕ ਦਾ ਸਾਰਾ ਪ੍ਰਬੰਧ ਰੱਖਦੇ ਹਨ, ਕੋਰੇ ਕਾਗਜ਼, ਲਿਫਾਫੇ, ਕਾਰਡ, ਲੈਟਰ ਕਾਰਡ, ਸਿਆਹੀ, ਉੱਤਰ ਦੇਣ ਵਾਲੀ ਡਾਕ ਦਾ ਪੁਲੰਦਾ, ਟਾਈਮ ਟੇਬਲ ਰੇਲਵੇ ਤੇ ਰੋਡਵੇਜ਼ ਦਾ, ਮੇਲਿਆਂ ਅਤੇ ਦਰਸ਼ਨ ਯਾਚਕਾਂ ਦੀਆਂ ਦਰਖਾਸਤਾਂ ਦੀ ਫਾਈਲ, ਸਤਿਗੁਰੂ ਜੀ ਦੇ ਨੋਟ ਕਰਾਏ ਜ਼ਰੂਰੀ ਵਿਹਾਰ ਤੇ ਹੋਰ ਪਤਾ ਨਹੀਂ ਕਿੰਨਾ ਕੁਝ ! ਦੋ ਸੌ ਮੀਲੀ ਇੱਕ ਟਕ ਕਾਰ ਚਲਾ ਕੇ, ਪੜਾਅ ਤੇ ਪਹੁੰਚਣਾ ਫਿਰ ਮੋਟਰ ਦੀ ਧੁਲਾਈ ਸਫਾਈ ਆਦਿ ਕਰਕੇ ਆਪ ਇਸ਼ਨਾਨ ਪਾਣੀ ਕਰਨਾ ਤੇ ਬਸਤਰ ਆਦਿਕ ਧੋਣੇ। ਬਾਅਦ ਵਿਚ ਕੁਝ ਛਕ ਛਕਾ ਕੇ, ਆਏ ਹੋਏ ਪੱਤ੍ਰਾਂ ਦਾ ਜਵਾਬ ਦੇਣਾ, ਸਤਿਗੁਰੂ ਜੀ ਦੇ ਹੁਕਮਾਂ ਬਾਬਤ ਦੂਜਿਆਂ ਨੂੰ ਵਾਕਫ਼ੀ ਦੇਣੀ, ਨਾਲ ਲਿਆਂਦੇ ਅਖਬਾਰਾਂ ਦਾ ਮੁਤਾਲਿਆ ਤੇ ਕਾਫੀ ਹੋਰ ਦਿਮਾਗੀ ਕੰਮ ! ਨਾ ਇਹਨਾਂ ਨੂੰ ਥਕਾਵਟ ਪਹੁੰਚਦੀ ਹੈ, ਨਾ ਸ਼ੋਰ ਇਕਾਗਰਤਾ ਭੰਗ ਕਰਦਾ ਹੈ। ਸਾਦਾ ਜਿਹੀਆਂ ਆਦਤਾਂ ਵਾਲਾ ਇਹ ਆਦਮੀ ਏਨਾ ਸੁਖਾਵਾਂ ਹੈ ਕਿ ਤੁਹਾਨੂੰ ਪਹਿਲੀ ਨਜ਼ਰੇ ਤਾਂ ਚੰਗਾ ਲਗੇਗਾ ਹੀ, ਜਿਉਂ-ਜਿਉਂ ਵਾਸਤਾ ਰੱਖੋਗੇ ਤਿਉਂ ਤਿਉਂ ਤੁਹਾਡੇ ਮਨ ਵਿਚ ਧਸਦਾ ਜਾਵੇਗਾ।

ਪਹਿਲੀ ਵਾਰ ਸੰਨ ੧੯੩੪ ਵਿਚ ਜਦੋਂ ਮੈਂ ਗੁਰਦੇਵ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਪਣੇ ਵਿਦਿਅਕ ਸਮੇ ਤਕਿਆ ਤਾਂ ਮੇਰੀਆਂ ਸੁਚਜ ਲੋਚਦੀਆਂ ਅੱਖਾਂ ਨੂੰ ਇਹਨਾਂ ਦਾ ਭਰਵਾਂ ਚਿਹਰਾ, ਲੱਛੇਦਾਰ ਕੇਸ, ਤੇ ਚਿਹਰੇ ਤੇ ਖੇਡਦੀ ਮੁਸਕਰਾਹਟ ਏਨੀ ਭਾਅ ਗਈ ਕਿ ਮੈਂ ਇਹਨਾਂ ਨੂੰ ਵੇਖਣ ਤੇ ਮਿਲਣ ਨੂੰ ਤੜਪਦਾ ਰਹਿੰਦਾ।

ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜਿਨ੍ਹਾਂ ਨੂੰ ਪ੍ਰਥਮ ਤਕਣੀ ਨਾਲ ਹੀ ਬੰਦੇ ਦੇ ਬੀਤੇ ਤੇ ਭਵਿਖ ਦੀ ਝਲਕ ਮਿਲ ਜਾਂਦੀ ਸੀ, ਉਨ੍ਹਾਂ ਨੇ ਇਸ ਨੌਜਵਾਨ ਨੂੰ ਸੰਨ ੧੯੩੪ ਤੋਂ ਆਪਣੀਆਂ ਲੋੜਾਂ ਲਈ ਢਾਲਣ ਦਾ ਪ੍ਰਬੰਧ ਕਰ ਲਿਆ ਤੇ ਮੈਟਰਿਕ ਵਿਚ ਚੰਗੇ ਨੰਬਰ ਲੈ ਕੇ ਪਾਸ ਹੋ ਆਏ ਇਸ ਵਿਦਿਆਰਥੀ ਨੂੰ ਬਿਜਲੀ ਦੀ ਸਿੱਖਿਆ ਲੈਣ ਲਈ ਲਾਹੌਰ ਭੇਜ ਦਿੱਤਾ।

ਸਬੱਬ ਨਾਲ ਗੱਲਾਂ ਛੁਹ ਬੈਠੇ ਹਾਂ, ਆਓ ਜ਼ਰਾ ਉਨ੍ਹਾਂ ਦੀ ਜ਼ਿੰਦਗੀ ਦੇ ਜ਼ਰੂਰੀ ਪੱਖ ਜਾਣ ਲਈਏ।

ਸ੍ਰੀ ਭੈਣੀ ਸਾਹਿਬ ਦੇ ਦੱਖਣ ਵੱਲ ੩ ਮੀਲ ਦੇ ਫਾਸਲੇ ਤੇ ਪੰਜਾਬ ਦਾ

ਮਾਣ ਨਹਿਰ ਸਰਹੰਦ ਦੇ ਕੰਢੇ ਵਸਦੇ (ਅਜਕਲ ਜਿਲ੍ਹਾਂ ਪਟਿਆਲਾ ਦੇ) ਪਿੰਡ ਰਾਮਪੁਰ ਵਿਖੇ, ਸ. ਕੇਹਰ ਸਿੰਘ ਦੇ ਘਰ ਮਾਤਾ ਹਰ ਕੌਰ ਦੀ ਕੁੱਖੋਂ, ਹੋਤੀ ਮਰਦਾਨ ਵਾਲੇ ਸੰਤਾਂ ਦੇ ਵਰ ਨਾਲ ਗੁਰਦੇਵ ਸਿੰਘ ਜੀ ਕੱਤਕ ਦੀ ਪੂਰਣਮਾਸ਼ੀ ਵਾਲੇ ਦਿਨ ਸੰਨ ੧੯੧੫ ਦੇ ਨਵੰਬਰ ਨੂੰ ਜਨਮੇ। ਮਾਂ ਦੇ ਲਾਡ ਪਿਆਰ ਦੀ ਥੁੜ ਰਹੀ ਕਿਉਂਕਿ ਉਹ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਸੁਖੀ ਲੱਧੇ ਨੂੰ ਛੱਡ ਸਵਰਗਵਾਸ ਕਰ ਗਈ, ਪ੍ਰੰਤੂ ਪਿਤਾ ਜੀ ਨੇ ਮਿਹਰਾਂ ਭਰਿਆ ਹੱਥ ਆਪਣੇ ਬੱਚੇ ਦੇ ਸਿਰ ਤੇ ਹੁਣ ਤੱਕ ਰਖਿਆ ਹੋਇਆ ਹੈ।

ਮੁੱਢ ਤੋਂ ਹੀ ਆਪ ਪਿੰਡ ਦੇ ਇਤਿਹਾਸਕ ਗੁਰਦੁਆਰੇ ਰੇਰੂ ਸਾਹਿਬ ਕਥਾ ਵਾਰਤਾ ਸੁਣਨ ਜਾਂਦੇ ਰਹੇ ਜਿਸ ਕਾਰਨ ਧਰਮ ਪ੍ਰਭਾਵ ਕੱਚੀ ਕੁਆਰੀ ਉਮਰੇ ਲੂੰ ਲੂੰ ਵਿੱਚ ਰਚਦਾ ਰਿਹਾ। ਧਰਮ ਪ੍ਰਭਾਵਾਂ ਦੇ ਵਧਣ ਫੁੱਲਣ ਨਾਲ ਤਾਲੀਮੀ ਯੋਗਤਾ ਵੀ ਵਿਕਾਸ ਕਰਦੀ ਰਹੀ ਤੇ ਸ੍ਰੀਮਾਨ ਜੀ ਨੇ ੧੯੩੩ ਸੰਨ ਵਿਚ ਮੈਟਰਿਕ ਪਾਸ ਕਰ ਲਿਆ। ਏਸੇ ਸਾਲ ਆਪਦੀ ਸ਼ਾਦੀ ਪਿੰਡ ਗਿਦੜੀ ਵਿਖੇ ਹੋਈ। ਸਤਿਗੁਰੂ ਜੀ ਨੇ ਆਪਣੇ ਇਸ ਬੱਚੇ ਨੂੰ ਮਾਣ ਬਖਸ਼ਣ ਲਈ ਵਿਆਹ ਸਮੇ ਮੋਟਰ ਕਾਰ ਉਚੇਚੇ ਤੌਰ ਤੇ ਭੇਜੀ।

ਗੁਰਦੇਵ ਸਿੰਘ ਜੀ ਦੇ ਸਕੇ ਤਾਏ ਮਹੰਤ ਬੀਰ ਸਿੰਘ ਜੀ "ਜਹਾਨ" ਜਿਨ੍ਹਾਂ ਨੇ ਰਾਈਆਂ (ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਨਗਰ) ਦੇ ਉਦਾਸੀ ਡੇਰੇ ਸਦੀ ਕੁ ਸਮਾ ਸੇਵਾ ਕੀਤੀ, ਫੇਰ ੪੦ ਸਾਲ ਸਤਿਗੁਰੂ ਜੀ ਦੇ ਪਿਆਰ ਦੇ ਬਧੇ ਸ੍ਰੀ ਭੈਣੀ ਸਾਹਿਬ ਆ ਕੇ, ਜੁਆਨੀ ਸਮੇ ੪੦-੪੦ ਗਊਆਂ (ਖਾਸ ਕਰ ਅਪਾਹਜ) ਦੀ ਇਕੱਲੇ ਦੇਖ-ਭਾਲ ਕਰਦੇ ਰਹੇ, ਤੇ ਅੰਤ ਸਮੇਂ ਤਕ ਸ੍ਰੀ ਭੈਣੀ ਸਾਹਿਬ ਹੀ ਰਹੇ, ਇਹਨਾਂ ਨੇ ਸੰਨ ੧੯੩੪ ਦੇ ਸ਼ੁਰੂ ਵਿੱਚ ਗੁਰਦੇਵ ਸਿੰਘ ਜੀ ਨੂੰ ਸੱਚੇ ਪਾਤਸ਼ਾਹ ਜੀ ਦੀ ਖਿਦਮਤ ਵਿਚ ਹਾਜ਼ਰ ਕਰਕੇ ਅਰਦਾਸ ਕੀਤੀ ਕਿ ਬੀਬੇ ਮੁੰਡੇ ਨੂੰ ਆਪਣੇ ਚਰਨਾਂ ਦਾ ਆਸਰਾ ਦੇ ਕੇ ਤੋੜ ਨਿਭਾਉਣ। ਸਤਿਗੁਰੂ ਜੀ ਨੇ ਮਿਹਰ ਨਿਗਾਹਾਂ ਨਾਲ ਲੜਕੇ ਵੱਲ ਸਿਰ ਤੋਂ ਪੈਰਾਂ ਤਕ ਵੇਖਕੇ ਵਡੇਰੀਆਂ ਜ਼ਿੰਮੇਵਾਰੀਆਂ ਦੇਣ ਲਈ ਬਿਜਲੀ ਦਾ ਕੰਮ ਸਿੱਖਣ ਲਈ ਲਾਹੌਰ ਭੇਜ ਦਿੱਤਾ। ਕੁਝ ਚਿਰ ਲੁਧਿਆਣੇ ਟ੍ਰੇਨਿੰਗ ਦੇ ਕੇ ੧੯੩੫ ਦੇ ਅਖੀਰ ਵਿਚ ਸ੍ਰੀ ਭੈਣੀ ਸਾਹਿਬ ਪੱਕੇ ਤੌਰ ਤੇ ਬੁਲਾ ਲਿਆ।


ਏਥੇ ਮਾਸਟਰ ਬਲਵੰਤ ਸਿੰਘ ਜੀ ਨਾਲ ਡਾਕ ਅਤੇ ਖਜ਼ਾਨੇ ਦੀ ਸੇਵਾ

ਇਨ੍ਹਾਂ ਦੇ ਸਾਊਪੁਣੇ ਨੂੰ ਮੁਖ ਰੱਖਦਿਆਂ ਓਸ ਵੇਲੇ ਬੇਅੰਤ ਜੀ (ਅੱਜ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਬੱਲੋ ਜੀ (ਅੱਜ ਦੇ ਸ੍ਰੀ ਮਹਾਰਾਜ ਬੀਰ ਸਿੰਘ ਜੀ) ਦੇ ਨਾਲ ਰਹਿਣ ਦਾ ਸੁਭਾਗ ਦਿੱਤਾ ਗਿਆ ਅਤੇ ਇਹ ਤ੍ਰੈਵੇ ਹਾਣੀ ਅੰਗਰੇਜ਼ੀ ਦਾ ਪੜ੍ਹਣ-ਪੜ੍ਹਾਣ ਵੀ ਜਾਰੀ ਰਖਦੇ ਰਹੇ।

ਪਹਿਲੀ ਸਿੰਘਣੀ (੧੯੩੭ ਈ:) ਦੇ ਚਲਾਣਾ ਕਰਨ ਬਾਅਦ ਦੂਜੀ ਵਾਰ (੧੯੩੯ ਈ:) ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੂਬਾ ਨਾਹਰ ਸਿੰਘ ਜੀ ਗੁਰੂਸਰ ਗਦੋਂ ਡੋਬ (ਜਿਲ੍ਹਾ ਫਿਰੋਜ਼ਪੁਰ) ਦੀ ਸਪੁਤ੍ਰੀ ਨਾਲ ਸ੍ਰੀ ਭੈਣੀ ਸਾਹਿਬ ਅਨੰਦ ਕਰ ਦਿੱਤਾ। ਸੂਬਾ ਨਾਹਰ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੇ ਮਹਿਲ ਸ੍ਰੀ ਮਾਤਾ ਭੁਪਿੰਦਰ ਕੌਰ ਦੇ ਸਕੇ ਭਾਈ ਹਨ। ੧੯੪੩ ਤੋਂ ੪੫ ਤਕ ਘਰ ਜਾ ਕੇ ਗੁਰਦੇਵ ਸਿੰਘ ਜੀ ਨੇ ਨਿਜੀ ਵਿਹਾਰ ਕੀਤੇ, ਏਸੇ ਸੰਬੰਧ ਵਿੱਚ ਦਿੱਲੀ ਜਾ ਕੇ ਬਿਜਲੀ ਤੇ ਮੋਟਰਾਂ ਦਾ ਕੰਮ ਕਰਦੇ ਰਹੇ। ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਸਨੂੰ ਇੱਕ ਵਾਰ ਆਪਣੇ ਪਿਆਰ ਵਿਚ ਲੈ ਲੈਂਦੇ ਰਹੇ ਫੇਰ ਦੂਰ ਨਹੀ ਜਾਣ ਦਿੰਦੇ ਸਨ, ਸੋ ਉਨ੍ਹਾਂ ਪਾਕਿਸਤਾਨ ਦੀ ਬਣਤਰ ਨੂੰ ਨੇੜੇ ਆਇਆ ਜਾਣ ੧੯੪੮ ਈ: ਵਿੱਚ ਸ੍ਰੀਮਾਨ ਸੰਤ ਪ੍ਰੀਤਮ ਸਿੰਘ ਜੀ ਚੇਲੇਕੇ ਨੂੰ ਭੇਜਕੇ ਗੁਰਦੇਵ ਸਿੰਘ ਤੇ ਹਜ਼ੂਰੀ ਡਰਾਈਵਰ ਲਾਲ ਸਿੰਘ ਨੂੰ ਮੁੜ ਚਰਨਾਂ ਵਿੱਚ ਲੈ ਆਂਦਾ ਤੇ ਗੜਬੜ ਦੇ ਦਿਨੀ ੬ ਮਹੀਨੇ ਸਮੇਤ ਪਰਵਾਰ ਸੁਕੇਤ (ਹਿਮਾਚਲ) ਵਿੱਚ ਰਖਿਆ।

ਸੰਨ ੧੯੪੭ ਤੋਂ ੧੯੫੨ ਤੱਕ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਸਾਥੀ ਤੇ ਸਹਾਇਕ ਦੇ ਤੌਰ ਤੇ ਗੁਰਦੇਵ ਸਿੰਘ ਜੀ ਉਨ੍ਹਾਂ ਨਾਲ ਮਿਲਕੇ ਹਵਾਈ ਜਹਾਜ਼ ਚਲਾਣ ਦੀ ਟ੍ਰੇਨਿੰਗ ਦੇ ਸੰਬੰਧ ਵਿੱਚ, ਲਖਨਊ, ਕਾਨਪੁਰ, ਇਲਾਹਾਬਾਦ, ਬਰੇਲੀ ਅਤੇ ਜਲੰਧਰ ਵਿਖੇ ਰਹੇ ਤੇ ਇਹਨਾਂ ਦੀ ਕੁਸ਼ਲਤਾ ਸਦਕਾ ਹੀ ਦੋ ਹਵਾਈ ਜਹਾਜ਼ ਸ੍ਰੀ ਜੀਵਨ ਨਗਰ ਹਵਾਈ ਅੱਡੇ ਤੋਂ ਉਡਦੇ ਰਹੇ, ਜਿਨ੍ਹਾਂ ਨੇ ਹੋਰ ਜ਼ਰੂਰੀ ਕੰਮਾਂ ਤੋਂ ਛੁਟ ਸਾਧਾਰਨ ਨਾਮਧਾਰੀਆਂ ਨੂੰ ਹਵਾਈ ਉਡਾਰੀ ਦੇ ਮੌਕੇ ਦਿੱਤੇ। ਇਹਨਾਂ ਜਹਾਜ਼ਾਂ ਚੋਂ ਇਕ ਬੁਨੈਂਜ਼ਾ ਜੀ. ਐਸ. ਫੂਲਾ ਸਿੰਘ ਐਂਡ ਸਨਜ਼ ਬੈਂਕੋਕ ਦੀ ਫਰਮ ਨੇ ੨੦ ਹਜ਼ਾਰ ਰੁਪਏ ਖਰਚ ਕੇ ਸਤਿਗੁਰੂ ਜੀ ਨੂੰ ਭੇਟਾ ਕੀਤਾ ਸੀ। ਦੂਜਾ ਸ੍ਰੀ ਸਤਿਗੁਰੂ ਜੀ ਨੇ ਆਪ ਖਰੀਦਿਆ ਸੀ।

੧੯੫੦ ਤੋਂ ੧੯੫੮ ਈ: ਤੱਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਗਾਤਾਰ ੭ ਸਾਲ ਗੁਰਦੇਵ ਸਿੰਘ ਨੂੰ ਆਪਣੀ ਮੋਟਰ ਚਲਾਉਣ ਅਤੇ ਡਾਕ



ਸੂਬਾ ਨਾਹਰ ਸਿੰਘ ਜੀ ਚਹਿਲ - ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੇ ਸਕੇ ਮਾਮਾ ਜੀ।



ਮਾਤਾ ਉੱਤਮ ਕੌਰ ਸੁਪਤਨੀ ਸੂਬਾ ਨਾਹਰ ਸਿੰਘ ਜੀ।




ਪੰਡਤ ਰਾਜਿੰਦਰ ਸਿੰਘ ਚਹਿਲ ਸਪੁੱਤਰ ਸੂਬਾ ਨਾਹਰ ਸਿੰਘ ਜੀ ਚਹਿਲ।



ਸੰਤ ਗੁਰਦੇਵ ਸਿੰਘ ਜੀ ਪੰਡਤ ਰਾਜਿੰਦਰ ਸਿੰਘ ਜੀ ਨਾਲ।



ਸੂਬਾ ਨਾਹਰ ਸਿੰਘ ਜੀ ਦੀਆਂ ਤਿੰਨੇ ਧੀਆਂ ਅਤੇ ਤਿੰਨੇ ਜੁਆਈ
ਬੈਠੀਆਂ - ਗੁਰਦਿਆਲ ਕੌਰ, ਬਰਜਿੰਦਰ ਕੌਰ, ਹਰਪਾਲ ਕੌਰ
ਖੜੇ - ਸੰਤ ਗੁਰਦੇਵ ਸਿੰਘ ਮਾਂਗਟ, ਸ: ਬਲਤੇਜ ਸਿੰਘ ਧਾਲੀਵਾਲ,
ਸ: ਤਰਲੋਕ ਸਿੰਘ ਮਾਨ।



ਸੰਤ ਗੁਰਦੇਵ ਸਿੰਘ ਜੀ ਮਾਂਗਟ, ਸੁਪਤਨੀ ਗੁਰਦਿਆਲ ਕੌਰ
ਸ੍ਰ: ਸਰਵਣ ਸਿੰਘ ਗਰੇਵਾਲ ਅਤੇ ਪਤਨੀ ਗੁਰਦੇਵ ਕੌਰ
(ਭੈਣ ਸੰਤ ਗੁਰਦੇਵ ਸਿੰਘ ਜੀ)।



ਸਿੰਗਾਪੁਰ ਸੰਤ ਗੁਰਦੇਵ ਸਿੰਘ ਜੀ ਆਪਣੀ ਭੈਣ ਗੁਰਦੇਵ ਕੌਰ ਦੇ ਪਰਿਵਾਰ ਨਾਲ।




ਟਿੰਬੋਰਾ - ਅਫਰੀਕਾ ਵਿਖੇਂ ੯੦੦੦ ਫੁੱਟ ਦੀ ਉਚਾਈ ਤੇ ਸਥਿਤ ਦੁਨੀਆਂ ਦਾ ਸਭ ਤੇ ਉੱਚਾ ਰੇਲਵੇ ਸਟੇਸ਼ਨ।

ਲਿਖਣ ਦੀ ਸੇਵਾ ਬਖਸ਼ੀ ਰਖੀ। ਸ੍ਰੀ ਮਹਾਰਾਜ ਬੀਰ ਸਿੰਘ ਜੀ ਤੇ ਚਲੇ ਝੂਠੇ ਕਤਲ ਕੇਸ ਦੇ ਦੌਰਾਨ ਗੁਰਦੇਵ ਸਿੰਘ ਜੀ ਨੇ ਉਸ ਵੇਲੇ ਦੇ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਨਾਲ ਪੂਰਾ ਇਕ ਸਾਲ ਬਾਈ ਹਜ਼ਾਰ ਮੀਲ ਸਫਰ ਫੀਅਟ ਗੱਡੀ ਦੀ ਡਰਾਈਵਰੀ ਕਰਕੇ ਕ਼ੀਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਆਪਣੇ ਸਪੁੱਤਰਾਂ ਦੇ ਅਤੇ ਆਪਣੇ ਵਿਦੇਸ਼ ਦੌਰਿਆਂ (ਸਿਆਮ, ਸਿੰਗਾਪੁਰ, ਅਫਰੀਕਾ ਆਦਿ) ਸਮੇਂ ਗੁਰਦੇਵ ਸਿੰਘ ਜੀ ਨੂੰ ਨਾਲ ਹੀ ਰੱਖਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਸ਼ਾਂਤ ਹੋਣ ਵੇਲੇ ਜਿਨ੍ਹਾਂ ਜ਼ਿੰਮੇ ਵਾਰੀਆਂ ਦਾ ਗੁਰਦੇਵ ਸਿੰਘ ਜੀ ਨੇ ਫਰਜ਼ ਨਿਭਾਇਆ, ਉਸਦੀ ਕਦਰ ਸਾਰਾ ਪੰਥ ਹੀ ਕਰ ਸਕਦਾ ਹੈ। ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਰੀਝੀਰ ਅਤੇ ਡਾਢੇ ਅਕਾਊ ਥਕਾਊ ਕੰਮਾਂ ਵਿਚ ਗੁਰਦੇਵ ਸਿੰਘ ਜੀ ਦੀ ਕਲਮ ਅਤੇ ਡਰਾਈਵਰੀ ਨੇ ਬੇਓੜਕਾ ਕੰਮ ਕੀਤਾ। ਗੁਰਗੱਦੀ ਦਿਵਸ ਤੋਂ ਲੈ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪਣੇ ਨਿੱਜੀ ਡਰਾਈਵਰ ਦੇ ਤੌਰ ਤੇ ਜਿਵੇਂ ਆਪਨੂੰ ਅਪਣਾ ਲਿਆ ਹੈ ਇਸਤੋਂ ਆਸ ਬੱਝਦੀ ਹੈ ਕਿ ਇਹ ਸਾਥ ਧੁਰ ਤੱਕ ਰਹੇਗਾ।

ਆਪਦਾ ਸਾਰਾ ਪਰਿਵਾਰ ਰਾਮਪੁਰ ਵਿਖੇ ਨਿਵਾਸ ਰੱਖਦਾ ਹੈ। ਪਿਤਾ ਜੀ ਦੇ ਧਿਆਨ ਹੇਠ ਪੋਤਰੇ ਪੋਤਰੀਆਂ ਵਿੱਦਿਆ ਪ੍ਰਾਪਤ ਕਰ ਰਹੇ ਹਨ। ਵੱਡਾ ਡੀ. ਆਈ. ਜੀ. ਅਵਤਾਰ ਸਿੰਘ ਅੱਜਕਲ੍ਹ ਆਈ. ਜੀ. ਰਿਟਾਇਰ ਹੋਇਆ ਹੈ। ਇੱਕ ਵੱਡੀ ਭੈਣ ਹੈ ਜੋ ਗੁਜਰਵਾਲ (ਲੁਧਿਆਣਾ) ਵਿਖੇ ਵਿਆਹੀ ਹੋਈ ਹੈ ਅਤੇ ਅੱਜਕਲ੍ਹ ਇਹ ਸਾਰਾ ਪਰਿਵਾਰ ਸਿੰਗਾਪੁਰ ਰਹਿੰਦਾ ਹੈ।

ਗੁਰਦੇਵ ਸਿੰਘ ਜੀ ਦੀ ਇਸ ਸੰਖੇਪ ਜਾਣ-ਪਛਾਣ ਨਾਲ ਸਾਨੂੰ ਇਹ ਦਸਦਿਆਂ ਪ੍ਰਸੰਨਤਾ ਹੋ ਰਹੀ ਹੈ ਕਿ ਆਪ ਜੀ 'ਸਤਿਜੁਗ' ਨਾਲ ਡਾਢਾ ਸਨੇਹ ਰਖਦੇ ਹਨ, ਇਸਦੇ ਗਾਹਕਾਂ ਅਤੇ ਪਾਠਕਾਂ ਬਾਬਤ ਸਾਡੇ ਨਾਲ ਪੂਰੀ ਤਰ੍ਹਾਂ ਤਾਲ-ਮੇਲ ਰਖਦੇ ਹਨ। ਪਿਛਲੇ ਦਿਨੀ ਚੱਲੀ ਗਾਹਕ ਮੁਹਿੰਮ ਵਿੱਚ ਇਹਨਾਂ ਭਰਪੂਰ ਹਿੱਸਾ ਲਿਆ। ਹੁਣ ਜਦੋਂ ਮੈਂ ਪੁੱਛਿਆ "ਗੁਰਦੇਵ ਜੀ, ਤੁਹਾਡੀ ਵਡੇਰੀ ਰੀਝ ਕੀ ਹੈ?" ਆਪਨੇ ਲਿਖਕੇ ਦੇ ਦਿੱਤਾ " ਗਰੀਬ ਨਿਵਾਜ਼ ਦੇ ਚਰਨਾਂ ਵਿੱਚ ਹੀ ਸਾਰੀ ਉਮਰ ਲੰਘੇ। "

# ਇੱਕ ਗੁਣਵਾਨ ਸਤਿਗੁਰੂ ਜੀ ਤੋਂ ਵਰੋਸਾਇਆ ਪ੍ਰੇਮੀ

*ਸੰਤ ਬਲਕਾਰ ਸਿੰਘ ਹੁਰੀ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੇਵਕ ਵੀ ਰਹੇ ਹਨ ਅਤੇ ਫੇਰ ਸ੍ਰੀ ਭੈਣੀ ਸਾਹਿਬ ਅਕੈਡਮੀ ਵਿੱਚ ਬੱਚਿਆਂ ਨੂੰ ਧਾਰਮਿਕ ਸਿੱਖਿਆ ਅਤੇ ਕੀਰਤਨ ਅਭਿਆਸ ਵੀ, ਕਰਾਉਂਦੇ ਰਹੇ ਹਨ, ਹੁਣ ਕੈਨੇਡਾ ਵਿਖੇ ਰਹਿੰਦੇ ਹਨ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਸੰਤ ਗੁਰਦੇਵ ਸਿੰਘ ਜੀ ਦੀ ਜੀਵਨੀ ਤੇ ਇੱਕ ਕਿਤਾਬ ਲਿਖੀ ਜਾ ਰਹੀ ਹੈ ਤਾਂ ਉਹਨਾਂ ਨੇ ਵੀ ਆਪਣੇ ਵਿਅਕਤੀਗਤ ਅਨੁਭਵ ਅਤੇ ਨਿਜੀ ਸਬੰਧ ਕਾਰਣ ਕੁਝ ਸ਼ਬਦ ਲਿਖ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਇਸ ਤਰ੍ਹਾਂ ਕੀਤਾ ਹੈ।*

ਸਭ ਤੋਂ ਪਹਿਲਾਂ ਮੈਨੂੰ ਗੁਰਦੇਵ ਸਿੰਘ ਜੀ ਦੇ ਦਰਸ਼ਨ ਉਦੋਂ ਹੋਏ ਜਦੋਂ ਅਸੀ ਕੁਝ ਸਰੀਰ ਸ੍ਰੀ ਜੀਵਨ ਨਗਰ ਹਵਾਈ ਅੱਡਾ ਸਾਫ ਕਰਨ ਆਏ ਹੋਏ ਸਾਂ। ਸਾਡੇ ਉਪਰੋਂ ਹਵਾਈ ਜਹਾਜ਼ ਨੇ ਦੋ ਚੱਕਰ ਲਾਏ। ਜਹਾਜ਼ ਏਨਾ ਨੀਵਾਂ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਪੂਰਨ ਰੂਪ ਵਿੱਚ ਬਹੁਤ ਸਾਫ ਹੋ ਰਹੇ ਸਨ। ਉਹਨਾਂ ਦੇ ਨਾਲ ਬੈਠਾ ਇੱਕ ਸਿੰਘ ਵੀ ਨਜ਼ਰ ਆ ਰਿਹਾ ਸੀ ਜੋ ਜਹਾਜ਼ ਦਾ ਪਾਇਲਟ ਸੀ। ਪੁੱਛਣ ਤੇ ਪਤਾ ਲੱਗਾ ਕਿ ਇਹ ਪਾਇਲਟ ਜੋ ਜਹਾਜ਼ ਚਲਾ ਰਿਹਾ ਸੀ, ਦਾ ਨਾਮ ਸੰਤ ਗੁਰਦੇਵ ਸਿੰਘ ਹੈ ਜੋ ਸਤਿਗੁਰੂ ਜੀ ਦਾ ਨਿੱਜੀ ਸਕੱਤਰ ਅਤੇ ਡਰਾਈਵਰ ਵੀ ਹੈ।

ਇਸ ਤੋਂ ਬਾਅਦ ਗੁਰਦੇਵ ਸਿੰਘ ਜੀ ਦੇ ਦਰਸ਼ਨ ਤੇ ਹੁੰਦੇ ਰਹਿੰਦੇ ਪਰ ਸਿੱਧੀ ਜਾਣ ਪਛਾਣ ਨਾ ਹੋਣ ਕਰਕੇ ਕੋਈ ਗੱਲ-ਬਾਤ ਨਹੀਂ ਸੀ ਹੁੰਦੀ। ਇਹ ਘਾਟ ਸੰਨ ੧੯੫੯ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦੇ ਉਹਲੇ ਹੋਣ ਉਪਰੰਤ ਪੂਰੀ ਹੋਈ ਜਦੋਂ ਗੁਰਦੇਵ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸੈਕਟਰੀ ਅਤੇ ਡਰਾਈਵਰ ਬਣ ਗਏ। ਫੇਰ ਤੇ ਸਾਡਾ ਮੇਲ ਮਿਲਾਪ

ਬਹੁਤ ਵਧ ਗਿਆ। ਇਸ ਦੇ ਨਾਲ ਹੀ ਆਪਸੀ ਪ੍ਰੇਮ ਪਿਆਰ ਅਤੇ ਗੂੜ੍ਹੀ ਜਾਣ-ਪਛਾਣ ਵੀ ਹੋ ਗਈ। ਹੁਣ ਭਾਈ ਵਜ਼ੀਰ ਸਿੰਘ ਜੀ ਚੜ੍ਹਾਈ ਕਰ ਚੁੱਕੇ ਸਨ ਅਤੇ ਸੰਤ ਰਤਨ ਸਿੰਘ ਹੁਰੀ ਵੀ ਸਤਿਗੁਰੂ ਜੀ ਦੀ ਸੇਵਾ ਵਿੱਚ ਲਾਂਗਰੀ ਦੇ ਰੂਪ ਵਿੱਚ ਆ ਚੁਕੇ ਸਨ। ਇਸ ਸਮੇਂ ਮੈਂ ਭੀ ਸਤਿਗੁਰੂ ਜੀ ਦੀ ਸੇਵਾ ਵਿੱਚ ਆ ਗਿਆ ਸਾਂ। ਇਸ ਤਰ੍ਹਾਂ ਅਸੀਂ ਸਾਰੇ ਹੀ ਸਤਿਗੁਰੂ ਜੀ ਦੀ ਸੇਵਾ ਵਿੱਚ ਆ ਗਏ ਸਾਂ। ਹਮੇਸ਼ਾਂ ਇੱਕੱਠੇ ਰਹਿਣ ਕਰਕੇ ਆਪਸੀ ਪਿਆਰ ਅਤੇ ਇੱਕ ਦੂਸਰੇ ਦੀ ਡੂੰਘੀ ਜਾਣ ਪਛਾਣ ਹੋ ਗਈ। ਹੁਣ ਹੌਲੀ-ਹੌਲੀ ਗੁਰਦੇਵ ਸਿੰਘ ਜੀ ਦੇ ਗੁਣ ਵੀ ਸਾਹਮਣੇ ਆਉਣ ਲੱਗੇ।

ਸਭ ਤੋਂ ਪਹਿਲਾ ਗੁਣ ਤੇ ਉਹਨਾਂ ਦਾ ਇਹ ਹੈ ਕਿ ਕ੍ਰੋਧ ਉਪਰ ਉਹਨਾਂ ਦਾ ਪੂਰਨ ਨਿਯੰਤਰਨ ਹੈ। ਕਿਸੇ ਵੀ ਪਰਸਥਿਤੀ ਵਿੱਚ ਗੁੱਸਾ ਉਹਨਾਂ ਨੂੰ ਆਉਂਦਾ ਹੀ ਨਹੀਂ। ਇਉਂ ਭਾਸਦਾ ਸੀ ਕਿ ਗੁੱਸਾ ਉਹਨਾਂ ਤੋਂ ਡਰ ਕੇ ਸਾਡੇ ਵਿੱਚ ਆ ਵੜਿਆ ਹੈ। ਦਸਮ ਪਾਤਸ਼ਾਹ ਜੀ ਦਸਮ ਗ੍ਰੰਥ ਵਿੱਚ ਭਗਵਾਨ ਕ੍ਰਿਸ਼ਨ ਦੇ ਗੁੱਸੇ ਦਾ ਵਰਨਣ ਵੀ ਇਸ ਤਰ੍ਹਾਂ ਕਰਦੇ ਹਨ -

*ਕੈ ਡਰਪੈ ਹਰਿ ਕੇ ਹਰਿ ਕੌ*
*ਛਪ ਮੈਨ ਰਹਯੋ ਅਬਲਉ ਤਨ ਯਾ ਮੈ।*

(ਦਸਮ ਗ੍ਰੰਥ ਪੰਨਾ ੨੭੭)

ਗੋਪੀਆਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ ਕਹਿ ਕੇ ਉਸਤਤਿ ਕਰਦੀਆਂ ਹੋਈਆਂ ਕਹਿੰਦੀਆਂ ਹਨ ਕਿ ਕਾਮਦੇਵ ਸ਼ਿਵ ਜੀ ਦੀ ਮਾਰ ਤੋਂ ਡਰਦਾ ਹੋਇਆ ਭਗਵਾਨ ਦੇ ਸਰੀਰ ਵਿੱਚ ਛੁਪ ਬੈਠਾ ਹੈ। ਉਹ ਪਰਗਟ ਰੂਪ ਵਿੱਚ ਬਾਹਰ ਆਉਣ ਤੋਂ ਡਰਦਾ ਹੈ। ਇਸ ਤਰ੍ਹਾਂ ਕ੍ਰੋਧ ਗੁਰਦੇਵ ਸਿੰਘ ਹੁਰਾਂ ਦੇ ਅੰਦਰ ਛੁਪ ਕੇ ਬੈਠਾ ਹੈ ਕਿ ਜੇਕਰ ਉਹ ਬਾਹਰ ਆ ਗਿਆ ਤਾਂ ਇਹ ਕਿਤੇ ਉਸ ਨੂੰ ਮਾਰ ਨਾ ਦੇਵੇ।

ਦੂਸਰਾ ਗੁਣ ਇਹਨਾਂ ਦਾ ਇਹ ਹੈ ਮਿੱਠੀ, ਪਿਆਰ ਕਰਨ ਵਾਲੀ, ਹਰ ਇੱਕ ਨੂੰ ਮੋਹ ਲੈਣ ਵਾਲੀ ਇਹਨਾਂ ਦੀ ਬੋਲੀ। ਇਹਨਾਂ ਦੀ ਬੋਲੀ ਵਿੱਚ ਮਿਕਨਾਤੀਸੀ ਜਾਦੂਗਰੀ ਹੈ ਜੋ ਹਰ ਇੱਕ ਨੂੰ ਮੋਹ ਕੇ ਆਪਣੇ ਵੱਲ ਅਕਰਸ਼ਤ ਕਰਦੀ ਹੈ। ਇਸ ਕਾਰਨ ਹਰ ਕੋਈ ਇਹਨਾਂ ਨੂੰ ਆਪਣਾ ਸਮਝਦਾ ਹੈ। ਦੁਸ਼ਮਨ ਕੋਈ ਹੈ ਹੀ ਨਹੀਂ। ਉਹ ਇੱਕ ਕਵੀ ਦੇ ਕਥਨ ਅਨੁਸਾਰ-

*ਬੈਨਣਨ ਕਾ ਸੁਆਦ ਮੀਠੇ ਬੈਣ ਕਹਿ ਸੁਣਾਈਏ।*

ਇਹ ਗੱਲ ਗੁਰਦੇਵ ਸਿੰਘ ਹੁਰਾਂ ਤੇ ਪੂਰੀ ਢੁੱਕਦੀ ਹੈ।

ਤੀਸਰਾ ਬਹੁਤ ਹੀ ਵੱਡਾ ਗੁਣ ਇਹਨਾਂ ਦਾ ਇਹ ਹੈ ਕਿ ਇਹ ਆਲਸ ਤੋਂ ਬਹੁਤ ਦੂਰ ਹਨ। ਇਹਨਾਂ ਦੀਆਂ ਨਿਜੀ ਡਾਇਰੀਆਂ ਦੇ ਅਧਿਐਨ ਤੋਂ ਸਾਫ ਪਤਾ ਲਗਦਾ ਹੈ ਕਿ ਇਹਨਾਂ ਕਦੇ ਇੱਕ ਮਿੰਟ ਵੀ ਜ਼ਾਇਆ ਨਹੀ ਕੀਤਾ। ਹਰ ਵਕਤ ਕਿਸੇ ਨ ਕਿਸੇ ਕੰਮ ਵਿੱਚ ਰੁੱਝੇ ਰਹਿਣਾ। ਕੰਮ ਪਹਿਲਾਂ ਅਤੇ ਅਰਾਮ ਮਗਰੋਂ। ਇੱਕ ਵਾਰ ਛੇ ਸੱਤ ਸੌ ਮੀਲ ਦਾ ਸਫਰ ਕਰਕੇ ਡਾਲਟਨ ਰੀਜ ਪਹੁੰਚੇ। ਅਸੀਂ ਤੇ ਸਾਰੇ ਥੱਕ ਗਏ ਤੇ ਆਖਣ ਲੱਗੇ ਕਿ ਗੱਡੀ ਕੱਲ੍ਹ ਨੂੰ ਧੋ ਲਵਾਂਗੇ। ਅਸੀਂ ਸਾਰੇ ਤੇ ਆਪਣੇ ਅਰਾਮ ਕਰਨ ਲਈ ਚਲੇ ਗਏ ਪਰ ਵਾਹ ਸੰਤ ਗੁਰਦੇਵ ਸਿੰਘ ਜੀ। ਇਹਨਾਂ ਜਾਂਦਿਆਂ ਹੀ ਡਾਂਗਰੀ ਪਾ ਲਈ ਅਤੇ ਗੱਡੀ ਦੇ ਥੱਲੇ ਵੜਕੇ ਉਸ ਨੂੰ ਠੀਕ-ਠਾਕ ਕੀਤਾ, ਗੱਡੀ ਧੋਤੀ, ਤਕਰੀਬਨ ਦੋ ਘੰਟੇ ਮਿਹਨਤ ਕਰਕੇ ਗੱਡੀ ਉੱਤੇ ਕਪੜਾ ਪਾ ਦਿੱਤਾ ਅਤੇ ਫੇਰ ਇਸ਼ਨਾਨ ਕਰਕੇ ਤਿਆਰ ਹੋ ਗਏ। ਜਦੋਂ ਇਹ ਆਪਣੇ ਕਪੜੇ ਪਾ ਰਹੇ ਸਨ ਤਾਂ ਸੰਤ ਰਤਨ ਸਿੰਘ ਜੀ ਲਾਂਗਰੀ ਨੇ ਮੈਨੂੰ ਪਾਈਆ ਕੁ ਦੁੱਧ ਗਲਾਸ ਵਿੱਚ ਪਾ ਕੇ ਕਿਹਾ ਜਾਹ ਉਸਤਾਦ ਜੀ ਨੂੰ ਦੇ ਆ। ਤਾਂ ਮੈਂ ਆਖਿਆ ਸੰਤ ਜੀ ਉਹ ਸਵੇਰ ਤੋਂ ਗੱਡੀ ਚਲਾ ਰਹੇ ਹਨ ਤੇ ਹੁਣ ਦੋ ਘੰਟੇ ਹੋ ਗਏ ਹਨ ਕੰਮ ਕਰਦਿਆਂ ਨੂੰ ਤੇ ਤੁਸੀ ਆਹ ਪਾਈਆ ਕੁ ਦੁੱਧ ਹੀ ਕਹਿੰਦੇ ਹੋ ਕਿ ਦੇ ਆ। ਸੰਤ ਰਤਨ ਸਿੰਘ ਜੀ ਨੇ ਆਖਿਆ ਕਿ ਬਲਕਾਰ ਉਹਨਾਂ ਨੇ ਏਨਾ ਹੀ ਪੀਣਾ ਹੈ, ਤੇਰੇ ਵਾਂਗੂ ਛੇ-ਛੇ ਕਿਲੋ ਸ਼ਰਦਾਈ ਪੀਣ ਵਾਲਿਆਂ ਵਿੱਚੋਂ ਉਹ ਨਹੀਂ।

ਵਿਤ ਦਾ ਖਾਣਾ, ਵਿਤ ਦਾ ਪਹਿਨਣਾ ਅਤੇ ਤਨ ਮਨ ਨਾਲ ਆਪਣੀ ਡਿਊਟੀ ਨਿਭਾਉਣੀ, ਨਿਸ਼ਕਾਮ ਸੇਵਾ ਕਰਨਾ ਹੀ ਗੁਰਦੇਵ ਸਿੰਘ ਹੁਰਾਂ ਦਾ ਸੁਭਾਅ ਸੀ।

ਚੌਥਾ ਗੁਣ ਉਹਨਾਂ ਵਿੱਚ ਅਲਪ ਅਹਾਰ ਤੇ ਸੁਲਪ ਨਿੰਦਰਾ ਸੀ।

ਪੰਜਵਾਂ ਗੁਣ ਇਹਨਾਂ ਵਿੱਚ ਵਕਤ ਦੀ ਕਦਰ ਅਤੇ ਵਕਤ ਦੀ ਪਾਬੰਦੀ ਸੀ। ਹਰ ਕੰਮ ਵਕਤ ਅਨੁਸਾਰ ਪੂਰਾ ਕਰ ਦੇਣਾ। ਆਪਣੇ ਕੰਮ ਨੂੰ ਸਹੀ ਅਤੇ ਸਫਲਤਾ ਨਾਲ ਪੂਰਾ ਕਰਨ ਵਾਸਤੇ ਇਹਨਾਂ ਨੂੰ ਮਕੈਨਕੀ ਵੀ ਆਉਂਦੀ ਸੀ। ਕਾਰ ਦੇ ਸਾਰੇ ਮੁਰੰਮਤ ਦੇ ਕੰਮ ਇਹ ਖੁਦ ਕਰ ਲੈਂਦੇ ਸਨ। ਇਹਨਾਂ ਦੇ

ਸਿਖਿਆਰਥੀ ਕੁੰਦਨ ਸਿੰਘ ਨਕੱਈ ਤੇ ਗੁਰਚਰਨ ਸਿੰਘ ਕਾਕਾ ਗੱਡੀ, ਟਰੱਕ, ਟਰੈਕਟਰ ਦੂਰੋਂ ਹੀ ਆਉਂਦੇ ਨੂੰ ਪਛਾਣ ਲੈਂਦੇ ਸਨ ਕਿ ਇਸ ਵਿੱਚ ਕੀ ਨੁਕਸ ਹੈ।

ਇੱਕ ਵਾਰ ਸਤਿਗੁਰੂ ਜੀ ਦਾ ਦੌਰਾ ਮੱਧ ਪ੍ਰਦੇਸ਼ ਗਿਆ। ਮੈਨੂੰ ਤੇ ਉਹਨਾਂ ਸ਼ਹਿਰਾਂ ਤੇ ਪਿੰਡਾਂ ਦੇ ਨਾਮ ਯਾਦ ਨਹੀਂ ਰਹੇ ਪਰ ਏਨਾ ਯਾਦ ਹੈ ਕਿ ਭੁਪਾਲ ਤੋਂ ਅੱਗੇ ਜਾ ਕੇ ਨਰਬਦਾ ਦਰਿਆ ਪਾਰ ਕਰਨਾ ਸੀ। ਗੱਡੀਆਂ ਵੀ ਕਿਸ਼ਤੀ ਤੇ ਚਾੜ੍ਹਕੇ ਹੀ ਲੰਘਾਉਣੀਆਂ ਸਨ ਕਿਉਂਕਿ ਉਥੇ ਪੁਲ ਨਹੀਂ ਸੀ। ਕਿਸ਼ਤੀਆਂ ਛੋਟੀਆਂ ਗੱਡੀਆਂ ਦੇ ਹਿਸਾਬ ਨਾਲ ਬਣੀਆਂ ਹੋਈਆਂ ਸਨ, ਪਰ ਸਾਡੇ ਕੋਲ ਸ਼ਿਵਰਲੈਟ ਗੱਡੀ ਸੀ, ਜਿਸਦੀ ਚੌੜਾਈ ਅਤੇ ਲੰਬਾਈ ਵੱਧ ਹੋਣ ਕਰਕੇ ਕਿਸ਼ਤੀ ਤੇ ਚੜ੍ਹਾਉਣੀ ਅਸੰਭਵ ਲੱਗ ਰਹੀ ਸੀ। ਗੁਰਦੇਵ ਸਿੰਘ ਨੇ ਕਿਸ਼ਤੀ ਦੇ ਫੱਟੇ ਮਿਣੇ ਤਾਂ ਉਹ ਸ਼ਿਵਰਲੈਟ ਗੱਡੀ ਦੇ ਟਾਇਰਾਂ ਦੇ ਮਸਾਂ ਹੀ ਬਰਾਬਰ ਆਏ। ਉਥੋਂ ਦੇ ਕਰਮਚਾਰੀਆਂ ਨੇ ਕਿਹਾ ਕਿ ਇਹ ਗੱਡੀ ਉਹਨਾਂ ਦੀ ਕਿਸ਼ਤੀ ਤੇ ਨਹੀਂ ਜਾ ਸਕਦੀ। ਇਹ ਸੁਣ ਕੇ ਗੁਰਦੇਵ ਸਿੰਘ ਨੇ ਫੁਰਤੀ ਕੀਤੀ ਤੇ ਕਾਰ ਬੈਕ ਕਰਕੇ ਫੱਟਿਆਂ ਤੇ ਚੜ੍ਹਾ ਦਿੱਤੀ ਕਾਫੀ ਸਪੀਡ ਨਾਲ। ਇਹ ਵੇਖਕੇ ਉਹ ਅਤੇ ਅਸੀਂ ਸਾਰੇ ਤਾਂ ਦੰਗ ਰਹਿ ਹੀ ਗਏ, ਸਤਿਗੁਰੂ ਜੀ ਵੀ ਗੁਰਦੇਵ ਸਿੰਘ ਦੀ ਹਿੰਮਤ ਅਤੇ ਫੁਰਤੀ ਤੇ ਹੈਰਾਨ ਰਹਿ ਗਏ। ਇਹ ਇਹਨਾਂ ਦੇ ਕਾਰ ਚਲਾਉਣ ਦੀ ਮਾਸਟਰੀ ਦਾ ਹੀ ਕਰਿਸ਼ਮਾ ਸੀ ਕਿ ਅਸੀਂ ਕਾਰ ਸਣੇ ਦਰਿਆ ਪਾਰ ਕਰ ਸਕੇ ਅਤੇ ਦੌਰੇ ਦਾ ਪ੍ਰੋਗਰਾਮ ਪੂਰਾ ਹੋਇਆ।

ਅੱਜ ਕਲ੍ਹ ਗੁਰਦੇਵ ਸਿੰਘ ਜੀ ਕੈਨੇਡਾ ਰਹਿੰਦੇ ਹਨ। ਸਾਰੇ ਲੋਕ ਉਹਨਾਂ ਦਾ ਬਹੁਤ ਆਦਰ ਸਤਿਕਾਰ ਕਰਦੇ ਹਨ ਅਤੇ ਇਹਨਾਂ ਨੂੰ ਬਾਪੂ ਜੀ ਕਹਿਕੇ ਸੰਬੋਧਨ ਕਰਦੇ ਹਨ। ਇਹ ਤੇ ਗੁਣਾਂ ਦਾ ਭੰਡਾਰ ਹਨ। ਮੈਨੂੰ ਤੇ ਐਵੇਂ ਥੋੜ੍ਹੇ ਜਿਹੇ ਹੀ ਯਾਦ ਆਏ ਹਨ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਸੰਗਤ ਇਹਨਾਂ ਕੋਈ ਸੱਤਰ ਸਾਲ ਦੇ ਕਰੀਬ ਕੀਤੀ ਹੈ। ਇਹ ਸਾਰੇ ਗੁਣ ਉਹਨਾਂ ਵਿੱਚ ਸਤਿਗੁਰੂ ਜੀ ਦੀ ਤਨੋ-ਮਨੋ ਅਣਥੱਕ ਅਤੇ ਨਿਸ਼ਕਾਮ ਸੇਵਾ ਕਾਰਨ ਹੀ ਉਤਪਨ ਹੋਏ ਹਨ। ਇਹਨਾਂ ਗੁਣਾਂ ਦੇ ਕਾਰਨ ਹੀ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨੇਹ ਅਤੇ ਬਖਸ਼ਿਸ਼ ਦੇ ਪਾਤਰ ਬਣ ਸਕੇ।

*ਸੰਤ ਬਲਕਾਰ ਸਿੰਘ*

# ਸਤਿਗੁਰੂ ਜੀ ਦਾ ਅਨਿਨ ਸੇਵਕ

ਸੰਤ ਗੁਰਦੇਵ ਸਿੰਘ ਜੀ ਇਕ ਜਾਣੀ ਪਹਿਚਾਣੀ ਸ਼ਖ਼ਸੀਅਤ ਹੈ। ਹੰਸੂ-ਹੰਸੂ ਕਰਦਾ ਚਿਹਰਾ ਮਿਲਣ ਵਾਲਿਆਂ ਨੂੰ ਪ੍ਰਸੰਨ ਕਰ ਦੇਂਦਾ ਹੈ। ਉਹਨਾਂ ਦੀ ਮੁਸਕਾਨ ਤੋਂ ਸੁਹਿਰਦਤਾ, ਪਿਆਰ ਅਤੇ ਸੁਚੱਜੀ ਸੂਝ ਬੂਝ ਝਲਕਦੀ ਹੈ। ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰੇ ਦੁਲਾਰੇ ਅਨਿੰਨ ਸੇਵਕ ਭਗਤ ਗੁਰਸਿਖ ਹਨ। ਉਹਨਾਂ ਨੇ ਆਪਣੇ ਮਹਿਬੂਬ ਅੰਤਰਜਾਮੀ ਪੁਰਖ ਸਤਿਗੁਰੂ ਜੀ ਦੀ ਕਾਰ ਚਲਾਉਣ ਦੀ ਕਈ ਸਾਲ ਸੇਵਾ ਕੀਤੀ। ਏਸ ਦੇ ਨਾਲ ਨਾਲ ਉਹ ਪ੍ਰੀਤਮ ਸਤਿਗੁਰੂ ਜੀ ਦੇ ਨਿਜੀ ਸਕੱਤਰ ਦਾ ਕੰਮ ਵੀ ਕਰਦੇ। ਸਦਾ ਆਪਣੀ ਡਿਊਟੀ ਤੇ ਹਾਜ਼ਰ ਤੇ ਤਿਆਰ-ਬਰ-ਤਿਆਰ ਰਹਿੰਦੇ। ਸਦਾ ਰੁੱਝੇ ਰਹਿੰਦੇ, ਖਾਲੀ ਨਹੀਂ ਬੈਠਣਾ, ਸਮਾਂ ਐਵੇਂ ਨਹੀਂ ਗੁਜ਼ਾਰਨਾ। ਕਦੀ ਕਾਰ ਦੀ ਸਫ਼ਾਈ, ਤੇਲ ਚੈਕ ਕਰਦੇ ਰਹਿਣਾ। ਸਮੇਂ ਨਾਲ ਸ੍ਰੀ ਸਤਿਗੁਰੂ ਜੀ ਦੀ ਨਿਜੀ ਡਾਕ ਪ੍ਰਾਪਤ ਕਰਨੀ ਪੜ੍ਹਨੀ–ਸਤਿਗੁਰੂ ਜੀ ਦੀ ਨਦਰ ਗੋਚਰੇ ਕਰਨੀ। ਮਿਲੇ ਹੁਕਮ ਅਸਾਰ ਚਿੱਠੀਆਂ ਉੱਤੇ ਜਰੂਰੀ ਨੁਕਤੇ ਦਰਜ ਕਰਨ ਤੋਂ ਕਦੇ ਵੀ ਕੋਤਾਹੀ ਨਹੀਂ ਕਰਨੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਜਯੋਗ ਗੱਦੀ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੇਸ਼ ਵਿਦੇਸ਼ ਦਾ ਦੌਰੇ ਦਾ ਪ੍ਰੋਗਰਾਮ ਇੰਨੀ ਸੁਚੱਜਤਾ ਤੇ ਬਰੀਕੀ ਨਾਲ ਇਲਾਕੇ ਦੇ ਮੁਖੀ ਤੋਂ ਪਤਾ ਲੈ ਕੇ ਇਸ ਤਰ੍ਹਾਂ ਉਲੀਕਣਾ ਕਿ ਇਲਾਕੇ ਦਾ ਕਣ ਕਣ ਸ੍ਰੀ ਸਤਿਗੁਰੂ ਜੀ ਦੀ ਚਰਨ ਛੋਹ ਤੋਂ ਵਾਂਜਾ ਨਾ ਰਹਿ ਜਾਏ, ਸਗੋਂ ਪ੍ਰੀਤਮ ਪਿਆਰੇ ਦੇ ਚਰਨਾਂ ਦਾ ਨਿੱਘ ਪ੍ਰਾਪਤ ਕਰਕੇ ਧੰਨ ਧੰਨ ਹੋ ਜਾਏ। ਸ਼ਹਿਰਾਂ ਨਗਰਾਂ ਅਤੇ ਆਸ ਪਾਸ ਦੇ ਪਿੰਡਾਂ ਵਿੱਚ ਵੱਸਦੇ ਹੋਏ ਸਿੱਖਾਂ ਅਤੇ ਸ੍ਰੀ ਸਤਿਗੁਰੂ ਜੀ ਨਾਲ ਪਿਆਰ ਰੱਖਣ ਵਾਲਿਆਂ ਦਾ ਖ਼ਾਸ ਧਿਆਨ ਰੱਖਣਾਂ ਅਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਾਉਣੇ।

ਇੱਕ ਵਾਰ ਦੀ ਗੱਲ ਹੈ ਕਿ ਦੁਆਬੇ ਦਾ ਦੌਰਾ ਸੀ। ਸਾਰੇ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕੀ ਗਈ। ਜਿਹਨਾਂ ਪਿੰਡਾਂ ਦਾ ਦੌਰਾ ਸੀ ਉਹਨਾਂ ਪਿੰਡਾਂ ਦੀ ਇੱਕ ਬਿਰਧ ਮਾਈ ਸ੍ਰੀ ਭੈਣੀ ਸਾਹਿਬ ਆਈ। ਉਸਦੇ ਪਿੰਡ ਵਿੱਚ ਕੋਈ ਮੇਲੇ ਦਾ ਪ੍ਰੋਗਰਾਮ ਨਹੀ ਸੀ। ਬੋਹੜਾਂ ਹੇਠ ਸ਼ਾਮ ਦੇ ਦੀਵਾਨ ਵਿੱਚ ਸੱਚੇ ਪਾਤਸ਼ਾਹ ਜੀ ਸੁਸ਼ੋਭਿਤ ਸਨ, ਮਾਈ ਨੇ ਆਪਣੇ ਪਿੰਡ ਵਿੱਚ ਇੱਕ ਮੇਲੀ ਦੀ ਅਰਜ਼ ਕੀਤੀ। ਸਤਿਗੁਰਾਂ ਨੇ ਮਾਈ ਨੂੰ ਹੁਕਮ ਕੀਤਾ-ਮਾਈ ਹੁਣ ਪ੍ਰੋਗਰਾਮ ਨਹੀ ਬਣ ਸਕਦਾ ਅਗਲੀ ਵਾਰੀ ਸਹੀ। ਮਾਈ ਚੁਪ ਕਰਕੇ ਪੰਡਾਲੋਂ ਬਾਹਰ ਆ ਕੇ ਰੋਣ ਲੱਗ ਪਈ। ਮੈਂ ਮਾਈ ਨੂੰ ਰੋਣ ਦਾ ਕਾਰਣ ਪੁੱਛਿਆ, ਉਸਦੇ ਦੱਸਣ ਤੇ ਮੈਂ ਉਸਨੂੰ ਸੰਤ ਗੁਰਦੇਵ ਸਿੰਘ ਸੈਕਟਰੀ ਪਾਸ ਲੈ ਗਿਆ। ਗੁਰਦੇਵ ਸਿੰਘ ਹੋਰਾਂ ਨੇ ਮਾਈ ਨੂੰ ਚੁਪ ਕਰਾਇਆ ਅਤੇ ਨਾਲ ਜਾ ਕੇ ਸਤਿਗੁਰਾਂ ਪਾਸ ਬੇਨਤੀ ਕਰਕੇ ਅਗਲੇ ਪਿੰਡ ਦੇ ਮੇਲੇ ਵਿੱਚੋਂ ਸਮਾਂ ਕੱਢ ਕੇ ਉਸ ਮਾਈ ਦੇ ਪਿੰਡ ਮੇਲਾ ਕਰਾਇਆ। ਇਸ ਤ੍ਰਰਾਂ ਉਸ ਮਾਈ ਦੇ ਪਿੰਡ ਮੇਲਾ ਹੋਇਆ।

ਦੌਰੇ ਦੇ ਸਮੇਂ ਜਾਂ ਆਉਂਦੇ ਜਾਂਦੇ ਜਿੱਥੇ ਵੀ ਸੜਕ ਤੇ ਨਾਮਧਾਰੀ ਸਿੱਖਾਂ ਜਾਂ ਬੀਬੀਆਂ ਨੂੰ ਦੇਖਣਾਂ ਉਹਨਾਂ ਦੇ ਕੋਲ ਸਤਿਗੁਰੂ ਜੀ ਦੀ ਗੱਡੀ ਲਿਆ ਖੜੀ ਕਰਨੀ ਅਤੇ ਉਹਨਾਂ ਨੂੰ ਦਰਸ਼ਨ ਕਰਾ ਕੇ ਅੱਗੇ ਜਾਣਾਂ।

ਸ੍ਰੀ ਭੈਣੀ ਸਾਹਿਬ ਤੋਂ ਜਦੋਂ ਵੀ ਆਪਣੇ ਪਿੰਡ ਰਾਮਪੁਰ ਜਾਣਾਂ ਜੋ ਕਿ ਸ੍ਰੀ ਭੈਣੀ ਸਾਹਿਬ ਤੋਂ ੫ ੬ ਮੀਲ ਦੂਰ ਹੈ ਭਾਵੇਂ ਦਿਨ ਹੋਵੇ ਭਾਵੇਂ ਰਾਤ ਪੈਦਲ ਹੀ ਜਾਣਾਂ ਆਉਣਾਂ ਜਾਂ ਕਦੇ ਕਦੇ ਸਾਈਕਲ ਤੇ ਜਾਣਾਂ। ਕਈ ਵੇਰ ਸਤਿਗੁਰੂ ਜੀ ਨੇ ਕਹਿਣਾਂ ਕਿ ਮੇਰੀ ਗੱਡੀ ਲੈ ਜਾਂ ਤਾਂ ਅਰਜ਼ ਕਰਨੀ- ਸੱਚੇ ਪਾਤਸ਼ਾਹ ਜੀ ਇਸੇ ਪੱਜ ਸੈਰ ਹੋ ਜਾਵੇਗੀ ਮੈਂ ਆਪਜੀ ਦੇ ਸਮੇਂ ਤੋਂ ਪਹਿਲਾਂ ਹਾਜਰ ਹੋ ਜਾਵਾਂਗਾ। ਵਾਕਈ ਹਰ ਸਮੇਂ ਡਿਊਟੀ ਤੇ ਗੱਡੀ ਸਾਫ਼ ਕਰ ਤਿਆਰ ਰਹਿਣਾ।

ਦੌਰੇ ਸਮੇਂ ਜਾਂ ਸ੍ਰੀ ਭੈਣੀ ਸਾਹਿਬ ਵਿੱਚ ਵੀ ਜਦੋ ਸੱਚੇ ਪਾਤਸ਼ਾਹ ਜੀ ਨੇ ਦੀਵਾਨ ਵਿੱਚ ਸੁਭਾਇਮਾਨ ਹੋ ਜਾਣਾ ਤਾਂ ਗੁਰਦੇਵ ਸਿੰਘ ਜੀ ਨੇ ਨਮਸ਼ਕਾਰ ਕਰ ਕੇ ਆਪਣੀ ਗੱਡੀ ਕੋਲ ਆ ਜਾਣਾ ਤੇ ਗੱਡੀ ਵਿੱਚੋਂ ਸਫ਼ ਕੱਢ ਕੇ ਵਿਛਾ ਕੇ ਬੈਠ ਕੇ ਡਾਕ ਪੜ੍ਹਨੀ।

ਸ੍ਰੀ ਸਤਿਗੁਰੂ ਜੀ ਪ੍ਰਤੀ ਵਿਚਾਰ ਗੋਚਰੇ ਲਾਈਨਾਂ ਨੂੰ ਮਾਰਕ ਕਰਕੇ ਸ੍ਰੀ ਸਤਿਗੁਰ ਸੱਚੇ ਪਾਤਸ਼ਾਹ ਜੀ ਨੂੰ ਹਾਜਰ ਕਰਨੀ ਅਤੇ ਸੱਚੇ ਪਾਤਸ਼ਾਹ ਜੀ ਵਲੋਂ ਹੋਏ ਹੁਕਮ ਅਨੁਸਾਰ ਉਹਨਾਂ ਚਿੱਠੀਆਂ ਦਾ ਉਤਰ ਹੱਥੀ ਲਿਖਕੇ ਡਾਕ ਰਾਹੀਂ ਜਾਂ ਵਿਅਕਤੀਆਂ ਰਾਹੀਂ ਨਿਸਚਿਤ ਥਾਂ ਭੇਜਣਾ।

ਸ੍ਰੀ ਸਤਿਗੁਰੂ ਜੀ ਦੇ ਦੌਰਿਆਂ-ਮੇਲਿਆਂ ਸਮੇਂ ਹੋਏ ਅਖੰਡ ਪਾਠਾਂ ਹਵਨ ਯੱਗਾਂ ਲੰਗਰਾਂ ਅਤੇ ਸਟੇਜ ਦੇ ਸਾਰੇ ਪ੍ਰੋਗਰਾਮਾਂ ਨੂੰ ਸੰਭਾਲ ਰਖਣਾ ਤੇ ਲੋੜ ਪੈਣ ਤੇ ਸੱਚੇ ਪਾਤਸ਼ਾਹ ਜੀ ਨੂੰ ਤੁਰੰਤ ਹਾਜਰ ਕਰ ਅਰਜ਼ ਕਰਨੀ ਕਿ ਸੱਚੇ ਪਤਾਸ਼ਾਹ ਜੀ ਆਪ ਜੀ ਦੀ ਕ੍ਰਿਪਾ ਨਾਲ ਇਹ ਮੇਲਾ, ਪ੍ਰੋਗਰਾਮ ਇੰਜ ਹੋਇਆ ਸੀ। ਸੱਚੇ ਪਾਤਸ਼ਾਾਹ ਜੀ ਖੁਸ਼ੀਆਂ ਬਖਸ਼ਣੀਆਂ। ਅੱਜ ਸੱਚੇ ਪਾਤਸ਼ਾਹ ਜੀ ਦੀਆਂ ਬੇਅੰਤ ਖੁਸ਼ੀਆਂ ਨਾਲ ਹੀ ਉਹਨਾਂ ਦਾ ਪਰਿਵਾਰ ਕੈਨੇਡਾ ਵਿੱਚ ਅਨੰਦਮਈ ਜੀਵਨ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਦੇ ਭੌਰੇ ਬਣਕੇ ਬਤੀਤ ਕਰ ਰਿਹਾ ਹੈ। ਹੁਣ ਆਪ ਜੀ ਜਦੋਂ ਵੀ ਸ੍ਰੀ ਭੈਣੀ ਸਾਹਿਬ ਆਉਂਦੇ ਹਨ ਤਾਂ ਆਪਨੇ ਹਮੇਲੀਆਂ ਨੂੰ ਬੜੇ ਪਿਆਰ ਸਤਿਕਾਰ ਨਾਲ ਮਿਲਦੇ ਹਨ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਆਪਣੇ ਨਿਮਾਣੇ ਸੇਵਕ ਨੂੰ ਬਹੁਤ ਮਾਣ ਵਡਿਆਈ ਦੇ ਰਹੇ ਹਨ।

ਰਘਬੀਰ ਸਿੰਘ
ਸਤਿਜੁਗ
ਸ੍ਰੀ ਭੈਣੀ ਸਾਹਿਬ
੦੯੮੧੫੭-੧੮੦੯੮

# ਅੰਤਿਕਾ

ਮਨੁੱਖ ਦਾ ਜੀਵਨ ਅਨੇਕਾਂ ਹੀ ਉਤਾਰ ਚੜ੍ਹਾਅ, ਦੁੱਖ ਸੁਖ,ਸਾਹਿਤਿਕ ਅਤੇ ਵਿਚਿਤਰ ਘਟਨਾਵਾਂ ਦਾ ਮਿਸ਼ਰਨ ਹੁੰਦਾ ਹੈ। ਜਿਵੇਂ ਜਿਵੇਂ ਮਨੁੱਖ ਆਪਣੀ ਜੀਵਨ ਯਾਤਰਾ ਵਿੱਚ ਅਗਾਂਹ ਵਧਦਾ ਹੈ ਉਸਨੂੰ ਕਿਸੇ ਨਾ ਕਿਸੇ ਘਟਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਔਖਿਆਈਆਂ ਨੂੰ ਸਫ਼ਲਤਾ ਪੂਰਵਕ ਸਰ ਕਰ ਲੈਣਾ ਅਤੇ ਅਗੋਂ ਵਾਸਤੇ ਕੋਈ ਸਿੱਖਿਆ ਪ੍ਰਾਪਤ ਕਰ ਲੈਣੀ ਹੀ ਜੀਵਨ ਦਾ ਸਹੀ ਲਕਸ਼ ਹੁੰਦਾ ਹੈ। ਜੋ ਮਨੁੱਖ ਔਖਿਆਈਆਂ ਤੋਂ ਘਬਰਾ ਕੇ ਆਪਣੇ ਆਪ ਨੂੰ ਹਾਲਾਤ ਦੇ ਹਵਾਲੇ ਕਰ ਦਿੰਦਾ ਹੈ ਉਹ ਜ਼ਿੰਦਗੀ ਵਿੱਚ ਕਦੇ ਵੀ ਉਨਤੀ ਨਹੀਂ ਕਰ ਸਕਦਾ।ਸੰਨ ੧੯੯੨ ਦੀ ਗੱਲ ਹੈ ਕਿ ਮੈਂ ਅਤੇ ਪ੍ਰਿੰ ਬੇਅੰਤ ਕੌਰ ਮੰਡੀ ਕੋਠੀ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ 'ਲਾਲ ਏਹਿ ਰਤਨ' ਪੁਸਤਕ ਦੇ ਪਠਨ ਪਾਠਨ ਵਿੱਚ ਲੱਗੇ ਹੋਏ ਸਾਂ। ਪਠਨ ਪਾਠਨ ਪੂਰਾ ਹੋਣ ਤੇ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹਸਤ ਕੰਵਲਾਂ ਨਾਲ ਬਰਫ਼ੀ ਦਾ ਪ੍ਰਸ਼ਾਦ ਵਰਤਾਇਆ ਅਤੇ ਬੇਅੰਤ ਕੌਰ ਨੂੰ ਸੰਬੋਧਨ ਕਰਦੇ ਹੋਏ ਫ਼ਰਮਾਇਆ ਕਿ ਜੇਕਰ ਕਿਸੇ ਵੇਲੇ ਜੀਵ ਤੇ ਕੋਈ ਕਸ਼ਟ ਆ ਜਾਵੇ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਕਸ਼ਟ ਨੂੰ ਆਪਣੇ ਉਤੇ ਸਵਾਰ ਨਾ ਹੋਣ ਦੇਵੇ ਬਲਕਿ ਖੁਦ ਉਸ ਉਤੇ ਸਵਾਰ ਹੋ ਜਾਵੇ। ਜੀਵਨ ਜੀਊਣ ਦੀ ਇਹ ਇੱਕ ਅਨੂਠੀ ਸ਼ੈਲੀ ਹੈ ਜੋ ਸਿਰਫ਼ ਸਤਿਗੁਰੂ ਹੀ ਜੀਵ ਨੂੰ ਦੱਸ ਸਕਦਾ ਹੈ। ਸਤਿਗੁਰੂ ਨਾਲ ਕੁਝ ਪਲਾਂ ਵਾਸਤੇ ਮੇਲ ਮਿਲਾਪ ਹੋ ਜਾਵੇ ਤਾਂ ਜੀਵ ਨੂੰ ਅਨੇਕਾਂ ਹੀ ਵੱਡਮੁਲੇ ਨੁਸਖੇ ਮਿਲ ਜਾਂਦੇ ਹਨ ਜਿਸ ਨਾਲ ਜੀਵਨ ਸੁਖ਼ਾਲਾ ਹੋ ਜਾਂਦਾ ਹੈ।

ਸਤਿਗੁਰੂ ਪਾਰਦਰਸ਼ੀ ਹੁੰਦਾ ਹੈ। ਸਾਨੂੰ ਨਹੀ ਸੀ ਪਤਾ ਕਿ ਜੋ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਉਹ ਸਾਡੇ ਤੇ ਹੀ ਵਰਤਣ ਵਾਲਾ ਹੈ। ਅਗਲੇ ਹੀ ਦਿਨ ਮਨਾਲੀ ਜਾਣ ਦਾ ਪ੍ਰੋਗਰਾਮ ਸੀ। ਅਸੀ ਵੀ ਆਪਣੀ ਕਾਰ ਵਿੱਚ ਨਾਲ ਨਾਲ

ਜਾ ਰਹੇ ਸੀ। ਭੂੰਤਰ ਸੇਠ ਭਜਨੀਕ ਸਿੰਘ ਜੀ ਦੇ ਲੜਕੇ ਦੇ ਘਰ ਲੰਗਰ ਸੀ। ਉਥੇ ਬੇਅੰਤ ਕੌਰ ਦਾ ਪੈਰ ਤਿਲਕ ਗਿਆ ਅਤੇ ਰੀੜ ਦੀ ਹੱਡੀ-ਚੂਲੇ ਦੇ ਕੋਲ ਛੋਟਾ ਜਿਹਾ ਕਰੈਕ ਆ ਗਿਆ। ਤਕਲੀਫ਼ ਤੇ ਕਾਫ਼ੀ ਸੀ ਪਰ ਸਤਿਗੁਰੂ ਜੀ ਦਾ ਬਚਨ ਯਾਦ ਕਰਕੇ ਇਹ ਦੌਰਾ ਕਿਸੇ ਤਰ੍ਹਾਂ ਪੂਰਾ ਹੋ ਗਿਆ।

ਸੰਤ ਗੁਰਦੇਵ ਸਿੰਘ ਜੀ ਨੇ ਤਾਂ ਆਪਣਾ ਸਾਰਾ ਸਮਾਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਕਟਵਰਤੀ ਹੋ ਕੇ ਉਹਨਾਂ ਦੀ ਛਤਰ ਛਾਇਆ ਹੇਠ ਹੀ ਗੁਜ਼ਾਰਿਆ ਹੈ। ਉਹਨਾਂ ਨੇ ਹਰ ਰੋਜ਼ ਅਨੇਕਾਂ ਹੀ ਕੌਤਕ ਵੇਖੇ ਅਤੇ ਨਵੇਂ ਤਜਰਬੇ ਕੀਤੇ ਹੋਣਗੇ। ਅਨੇਕਾਂ ਹੀ ਮਹਾਂਪੁਰਖਾਂ ਅਤੇ ਹੋਰ ਸਾਧੂ ਸੰਤਾਂ ਦੇ ਦਰਸ਼ਨ ਕੀਤੇ ਹੋਣਗੇ। ਉਹਨਾਂ ਸਾਰਿਆਂ ਬਾਰੇ ਜੇਕਰ ਉਹ ਵਿਸਥਾਰ ਨਾਲ ਲਿਖਦੇ ਤੇ ਪਤਾ ਨਹੀਂ ਕਿੱਡਾ ਕੁ ਵੱਡਾ ਗ੍ਰੰਥ ਬਣ ਜਾਂਦਾ। ਪਰ ਜੋ ਕੁਝ ਵੀ ਉਹਨਾਂ ਨੇ ਇਹਨਾਂ ਤੋਂ ਸਿੱਖਿਆ ਪ੍ਰਾਪਤ ਕੀਤੀ ਉਸਦਾ ਡੂੰਘਾ ਅਸਰ ਉਹਨਾਂ ਦੀ ਰਹਿਣੀ ਬਹਿਣੀ, ਸੋਚ ਵਿਚਾਰ ਅਤੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਭਾਵਨਾ ਤੋਂ ਸਿੱਧ ਹੋ ਹੀ ਜਾਂਦਾ ਹੈ

ਇਸ ਪੁਸਤਕ ਦੀਆਂ ਘਟਨਾਵਾਂ ਉਹਨਾਂ ਦੀਆਂ ਅਨੇਕਾਂ ਹੀ ਹੱਡ ਬੀਤੀਆਂ ਵਿੱਚੋਂ ਕੁਝ ਕੁ ਹਨ ਸਮੁੰਦਰ ਵਿੱਚੋਂ ਜੋ ਕੁਝ ਵੀ ਮਿਲਿਆ ਵਡਮੁੱਲਾ ਹੈ। ਉਹਨਾਂ ਦੀਆਂ ਡਾਇਰੀਆਂ ਵਿੱਚ ਅਤੇ ਜੋ ਕੁਝ ਵੀ ਉਹਨਾਂ ਨੇ ਆਪ ਲਿਖ ਕੇ ਭੇਜਿਆ ਇਹ ਇਤਿਹਾਸਕ ਨੁਕਤੇ ਤੋਂ ਵੀ ਬੇਸ਼ ਕੀਮਤੀ ਹੈ। ਪੁਰਾਣੇ ਬਜ਼ੁਰਗਾਂ ਵਿੱਚੋਂ ਹੋਣ ਕਰਕੇ ਉਹਨਾਂ ਕੋਲੋਂ ਹੋਰ ਤੱਥ ਭਰਪੂਰ ਸਮੱਗਰੀ ਵੀ ਇਕੱਠੀ ਕੀਤੀ ਜਾ ਸਕਦੀ ਹੈ।

ਮੈਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਉਹਨਾਂ ਦੀ ਲੰਬੀ ਉਮਰ ਵਾਸਤੇ ਅਰਦਾਸ ਕਰਦਾ ਹਾਂ ਕਿ ਉਹਨਾਂ ਦੀ ਬਖ਼ਸ਼ਿਸ਼ ਸੰਤ ਗੁਰਦੇਵ ਸਿੰਘ ਜੀ ਉਪਰ ਸਦੀਵਗ ਬਣੀ ਰਹੇ।

# Foreign Travels of Gurdev Singh Mangat

| S.No. | Country | From | To | Day | Month | Year | by | Remark |
|---|---|---|---|---|---|---|---|---|
| 1. | India | Calcutta | Bangkok | 18 | January | 1952 | Air | Sat Guru Partap Singh Ji and |
| 2. | Thailand | Bangkok | Singapore | 19 | January | 1952 | Air | Satguru Jagjit Singh Ji's first |
| 3. | Malayasia | Singapore | Bangkok | 26 | January | 1952 | Air | tour to Singapore. |
| 4. | Thailand | Bangkok | Calcutta | 10 | Febuary | 1952 | Air | |
| 5. | India | Bombay | Nairobi | 14 | November | 1953 | Air | Sri Satguru Partap Singh Ji's |
| 6. | East Africa | Mumbasa | Bombay | 24 | December | 1953 | Sea | second tour & Maharaj Bir Singh Ji first tour to Africa. |
| 7. | India | Calcutta | Bangkok | 1st | January | 1961 | Air | |
| 8. | Thailand | Bangkok | Calcutta | 11 | January | 1961 | Air | Sri Satguru Jagjit Singh Ji's |
| 9. | India | Calcutta | Bangkok | 6 | June | 1961 | Air | Thailand tours. |
| 10. | Thailand | Bangkok | Calcutta | 24 | June | 1961 | Air | |
| 11. | India | Amritsar | Lahore | 16 | December | 1961 | Road | ਲਾਹਰ ਮਲਵੀ ਫਜਲ ਮਹਮਦ ਨੂੰ |
| 12. | Pakistan | Lahore | Amritsar | 16 | December | 1961 | Road | ਦਰਸਨ Sri Satguru Jagjit Singh Ji's 1st visit after partition in Green Jeep, Station Wagon. |

| | | | | | | | | |
|---|---|---|---|---|---|---|---|---|
| 13. | India | Calcutta | Bangkok | 7 | October | 1961 | Air | Sri Satguru Jagjit Singh Ji's first visit to Japan to attend vegetarian conference. Visited Tokyo University also. First visit to Hongkong |
| 14. | Thailand | Bangkok | Tokyo | 12 | October | 1961 | Air | |
| 15. | Japan | Tokyo | Hongkong | 19 | October | 1961 | Air | |
| 16. | Hongkong | Hongkong | Bangkok | 22 | October | 1961 | Air | |
| 17. | Thailand | Bangkok | Calcutta | 28 | October | 1961 | Air | |
| 18. | India | Bombay | Mumbasa | 17 | April | 1962 | Sea | Sri Satguru Jagjit Singh Ji's tour to Africa. |
| 19. | East Africa | Reached | Mumbasa | 25 | April | 1962 | Sea | |
| 20. | East Africa | Mumbasa | Bombay | 15 | May | 1962 | Air | |
| 21. | India | Calcutta | Bangkok | 11 | July | 1963 | Air | Sri Satguru Jagjit Singh Ji's Thailand tour. |
| 22. | Thailand | Bangkok | Calcutta | 30 | July | 1963 | Air | |
| 23. | India | Bombay | Nairobi | 4 | December | 1963 | Air | Sri Satguru Jagjit Singh Ji's East Africa Tour. |
| 24. | East Africa | Mumbasa | Bombay | 31 | January | 1964 | Sea | |
| 25. | India | Calcutta | Bangkok | 18 | January | 1966 | Air | |
| 26. | Thailand | Bangkok | Kulalumber | 26 | February | 1966 | Air | |
| 27. | Malayasia | Kulalumber | Sigapur | 26 | February | 1966 | Air | |
| 28. | Singapore | Singapore | Bombay | 21 | May | 1966 | Sea | |
| 29. | India | Delhi | Tokyo | 20 | September | 1977 | Air | First time immigrant |
| 30. | Japan | Tokyo | Vancouver | 21 | September | 1977 | Air | |
| 31. | Canada | Cancouver | London | 20 | June | 1983 | Air | |

| | | | | | | | | |
|---|---|---|---|---|---|---|---|---|
| 32. | England | London | Delhi | 11 | July | 1983 | Air | |
| 33. | India | Delhi | Singapore | 22 | October | 1983 | Air | |
| 34. | Singapore | Singapore | Tokyo | 13 | November | 1983 | Air | |
| 35. | Japan | Tokyo | Vancouver | 14 | November | 1983 | Air | |
| 36. | Canada | Vancoouver | Singapore | 25 | July | 1992 | Air | |
| 37. | Singapore | Singapore | Delhi | 26 | July | 1992 | Air | |
| 38 | India | Delhi | Singapore | 9 | November | 1992 | Air | |
| 39. | Singapore | Singapore | Vancouver | 23 | November | 1992 | Air | |
| 40. | Canada | Cancouver | Delhi | 24 | September | 1995 | Air | |
| 41. | India | Delhi | London | 4 | February | 1996 | Air | |
| 42. | England | London | Toronto | 18 | February | 1996 | Air | |
| 43. | Canada | Toronto | London | 18 | March | 1996 | Air | Sri Satguru Jagjit Singh Ji's England Tour |
| 44. | England | London | Toronto | 6 | April | 1996 | Air | |
| 45. | Canada | Toronto | Cancouver | 14 | April | 1996 | Air | |
| 46. | Canada | Totonto | Vancouver | 14 | April | 1998 | Air | |
| 47. | Singapore | Singapore | Delhi | 16 | September | 1998 | Air | |
| 48. | India | Delhi | Singapore | 28 | Decebmer | 1998 | Air | |
| 49. | Singapore | Singapore | Vancouver | 14 | January | 1999 | Air | |
| 50. | Canada | Vancouver | Toronto | 12 | May | 1999 | Air | |
| 51. | Canada | Toronto | Vancouver | 14 | July | 1999 | Air | |
| 52. | Canada | Vancouver | Singapore | 7 | September | 2001 | Air | |
| 53. | Singapore | Singapore | Delhi | 8 | September | 2001 | Air | |

| | | | | | | | |
|---|---|---|---|---|---|---|---|
| 54. | India | Delhi | Singapore | 1 | December | 2001 | Air |
| 55. | Singapore | Singapore | Vancouver | 3 | January | 2002 | Air |
| 56. | Canada | Vancouver | Tokyo | 13 | September | 2003 | Air |
| 57. | Japan | Tokyo | Delhi | 14 | September | 2003 | Air |
| 58 | India | Delhi | Tokyo | 28 | December | 2003 | Air |
| 59 | Japan | Tokyo | Vancouver | 29 | Decwmber | 2003 | Air |
| 60 | Canada | Vancouver | Tronto | 30 | May | 2004 | Air |



## ਸੰਤ ਸਿੰਘ

ਸੰਤ ਗੁਰਦੇਵ ਸਿੰਘ ਜੀ ਮਾਂਗਟ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਡਰਾਈਵਰ ਅਤੇ ਸੈਕਟਰੀ ਵਜੋਂ ਸੇਵਾ ਨਿਭਾਉਣ ਦਾ ਮਾਣ ਪ੍ਰਾਪਤ ਹੈ। ਆਪ ਜੀ ਨੇ ਆਪਣੀ ਸਾਰੀ ਆਯੂ ਹੀ ਗੁਰੂ ਘਰ ਦੇ ਪੂਰਨ ਸ਼ਰਧਕ ਸੇਵਕ ਬਣਕੇ ਅਰਪਨ ਕੀਤੀ ਹੈ। ਇਸ ਸਮੇਂ ਆਪ ਜੀ ਨੇ ਅਨੇਕਾਂ ਹੀ ਕੌਤਕ ਦੇਖੇ, ਬਹੁਤ ਸਾਰੀਆ ਘਟਨਾਵਾਂ ਹੱਡੀ ਬੀਤੀਆਂ ਅਤੇ ਅੱਖੀ ਵੇਖੀਆਂ। ਇਸ ਤੋਂ ਇਲਾਵਾ ਉਹਨਾਂ ਨੂੰ ਰੋਜਾਨਾ ਡਾਇਰੀ ਲਿਖਣ ਦਾ ਵੀ ਅਤਿਅੰਤ ਸ਼ੌਕ ਸੀ। ਇਹਨਾਂ ਡਾਇਰੀਆਂ ਵਿੱਚ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਜਾਣਕਾਰੀ ਵੀ ਮਿਲਦੀ ਹੈ।

ਇਸ ਪੁਸਤਕ ਵਿੱਚ ਜਿੰਨਾਂ ਕੁ ਉਹਨਾਂ ਨੂੰ ਯਾਦ ਆ ਸਕਿਆ ਉਨੀਆਂ ਕੁ ਘਟਨਾਵਾਂ ਦਾ ਸੰਖੇਪ ਵਰਣਨ ਹੈ।

9 788182 991590